# ਚਿਰਾਗ

ਅਪ੍ਰੈਲ-ਜੂਨ 2014

**April -June 2014**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਵਿਰਾਸਤ



ਜਲੇ ਠੂੰਠ ਪੇ ਬੈਠ ਕੇ , ਗਈ ਕੋਕਿਲਾ ਕੂਕ।
ਬਾਲ ਨਾ ਬਾਂਕਾ ਕਰ ਸਕੀ, ਸ਼ਾਸਨ ਕੀ ਬੰਦੂਕ।

(ਨਾਗਾਰਜੁਨ)

20/- 88 ਅਪ੍ਰੈਲ - ਜੂਨ 2014

# ਚਿਰਾ.ਗ ਤਿਮਾਹੀ

**ਸੰਪਾਦਕ ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)


## ਤਤਕਰਾ


- ★ ਸੰਪਾਦਕੀ -1
- ★ ਤਿੰਨ ਕਵਿਤਾਵਾਂ ਮਦਨ ਵੀਰਾ-4
- ★ ਪਾਕਿਸਤਾਨ ਵਿਚ ਪੰਜਾਬੀ ਦੀ ਪੜ੍ਹਾਈ/ ਮੁਹੰਮਦ ਆਸਿਫ਼ ਖਾਂ-6
- ★ ਕਹਾਣੀ - ਬੁੱਢਾ ਬਲਦ/ ਪ੍ਰੀਤ ਨੀਤਪੁਰ -12
- ★ ਤਿੰਨ ਗ਼ਜ਼ਲਾਂ/ ਸੁਲੱਖਣ ਸਰਹੱਦੀ - 16
- ★ ਲਿੱਸਿਆਂ ਦਾ ਲੇਖਕ : ਗੁਰਦਾਸ ਰਾਮ ਆਲਮ / ਡਾ. ਭੀਮ ਇੰਦਰ ਸਿੰਘ-19
- ★ ਵਾਘਿਓਂ ਪਾਰ/ ਨਕਸ਼ ਦਾ ਮੰਟੋ ਵਿਸ਼ੇਸ਼ ਅੰਕ-25
- ★ ਕਹਾਣੀ -ਛੇਤੀ ਬੌੜ੍ਹੀਂ ਵੇ ਤਬੀਬਾ/ ਦੀਪ ਦੇਵਿੰਦਰ ਸਿੰਘ-26
- ★ ਤਿੰਨ ਕਵਿਤਾਵਾਂ/ ਜਸਵੀਰ ਸਿੰਘ ਧੀਮਾਨ-29
- ★ ਉਰਦੂ ਦੇ ਮਹਾਨ ਕਵੀ ਫ਼ੈਜ਼ ਅਹਿਮਦ ਫ਼ੈਜ਼ ਨਾਲ ਇਕ ਇੰਟਰਵਿਊ-30
- ★ ਵਾਘਿਓਂ ਪਾਰ/ ਚਾਰ ਗ਼ਜ਼ਲਾਂ / ਤਨਵੀਰ ਬੁਖ਼ਾਰੀ-37
- ★ ਸੰਨ ਸੰਤਾਲੀ ਕਵਿਤਾ ਦਾ ਪਿਛੋਕੜ/ ਹਰਭਜਨ ਸਿੰਘ ਹੁੰਦਲ-39
- ★ ਫਿਰ ਯਾਦ ਆਏ 'ਬਾਬੇ' / ਮੰਗਤ ਰਾਮ ਪਾਸਲਾ-46
- ★ ਨਿਬੰਧ/ ਬਜ਼ਾਰੀ ਚੀਜ਼ਾਂ ਅਤੇ ਖੁਸ਼ੀ / ਗੁਰਦੀਪ ਡੇਅਰਾਦੂਨ-47
- ★ ਨਿਬੰਧ/ ਜਗਿਆਸਾ ਬਨਾਮ ਸ਼ਿਵਨਾਥ/ ਡਾ. ਜਸਬੀਰ ਕੇਸਰ-51
- ★ ਪੁਸਤਕ ਚਰਚਾ/ ਸਵੈ ਦੇ ਤਲਾਸ਼ ਦੀ ਸ਼ਾਇਰੀ : ਜੜ੍ਹਾਂ ਤੋਂ ਚੋਰੀ / ਡਾ. ਜਸਵਿੰਦਰ ਸਿੰਘ ਸੈਣੀ - 63
- ★ ਰੀਵਿਊ ਲੇਖ/ ਰੂਸੀ ਸ਼ਾਇਰੀ / ਅਨੁਵਾਦਕਾ ਕਮਲ ਅੰਮ੍ਰਿਤਸਰ -72
- ★ ਪੁਸਤਕ ਰੀਵਿਊ / ਚਿੱਤਰਕਾਰ ਜਰਨੈਲ ਸਿੰਘ/ਡਾ. ਕੁਲਦੀਪ ਸਿੰਘ ਧੀਰ -76
- ★ ਰੀਵਿਊ /ਪੰਜਾਬੀ ਮਿੰਨੀ ਕਹਾਣੀ: ਵਿਸ਼ਾਗਤ ਸਰੂਪ ਤੇ ਸ਼ਿਲਪ ਵਿਧਾਨ/ਨਿਰੰਜਣ ਬੋਹਾ -77
- ★ ਗ਼ਜ਼ਲ /ਬਾਬਾ ਨਜ਼ਮੀ -78
- ★ ਦੋ ਗ਼ਜ਼ਲਾਂ / ਜਗਵਿੰਦਰ ਜੋਧਾ-79



Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
Phone No. **01822-273188**
(M) **99150-42242**


ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |


**Website : www.lokdharapanjabi.com, e-mail : kjskurukshetra@yahoo.com**



**ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।
ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282 -ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ -16 ਅਪ੍ਰੈਲ 2014


# ਸੰਪਾਦਕੀ

ਯੂਨੈਸਕੋ ਨੇ 17 ਨਵੰਬਰ, 1999 ਨੂੰ ਇਹ ਮਤਾ ਪਾਸ ਕੀਤਾ ਕਿ 21 ਫਰਵਰੀ ਨੂੰ ਮਾਂ ਬੋਲੀ ਦਿਵਸ ਦੇ ਰੂਪ ਵਿਚ ਮਨਾਇਆ ਜਾਵੇਗਾ। ਇਹ ਮਤਾ ਬੰਗਲਾਦੇਸ਼ ਅਤੇ ਅਠਾਈ ਹੋਰ ਦੇਸ਼ਾਂ ਵਲੋਂ ਪੇਸ਼ ਕੀਤਾ ਗਿਆ ਸੀ। ਬੰਗਲਾ ਦੇਸ਼ ਵਲੋਂ ਇਹ ਮਤਾ ਲਿਆਉਣ ਦਾ ਵੱਖਰਾ ਮਹੱਤਵ ਸੀ। 1952 ਵਿਚ ਪਾਕਿਸਤਾਨ ਦੀ ਹਕੂਮਤ ਨੇ ਫੈਸਲਾ ਕੀਤਾ ਕਿ ਦੇਸ਼ ਦੀ ਰਾਜ ਭਾਸ਼ਾ ਉਰਦੂ ਹੋਵੇਗੀ। ਪੂਰਵੀ ਪਾਕਿਸਤਾਨ ਵਿਚ ਇਸ ਦਾ ਸਖ਼ਤ ਵਿਰੋਧ ਹੋਇਆ। ਅੰਦੋਲਨ ਐਨਾ ਭਖਿਆ ਕਿ 21 ਫਰਵਰੀ ਵਾਲੇ ਦਿਨ ਫੌਜ ਨੇ ਬੰਗਾਲੀ ਮਾਤ-ਭਾਸ਼ਾ ਦੇ ਹੱਕ ਵਿਚ ਵੱਡੇ ਇਕੱਠ ਉੱਪਰ ਗੋਲ਼ੀਆਂ ਚਲਾਈਆਂ ਜਿਨ੍ਹਾਂ ਵਿਚ ਅਨੇਕਾਂ ਲੋਕ ਸ਼ਹੀਦ ਹੋ ਗਏ। ਇਨ੍ਹਾਂ ਵਿਚ ਅਬਦੂੱ-ਸਲਾਮ, ਰਫ਼ੀਕੋਦੀਨ ਅਹਿਮਦ, ਸੋਫ਼ਰ ਰਹਿਮਾਨ ਅਤੇ ਅਬਦੁਲ ਬਰਕਤ ਵੀ ਸ਼ਾਮਿਲ ਸਨ। ਬੰਗਲਾਦੇਸ਼ ਵਿਚ ਇਸ ਸ਼ਹੀਦੀ ਦਿਨ ਉੱਪਰ ਛੁੱਟੀ ਹੁੰਦੀ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਬੰਗਲਾਦੇਸ਼ ਸਰਕਾਰ ਨੇ 'ਸ਼ਹੀਦੇ ਮੀਨਾਰ' ਦੀ ਸਥਾਪਨਾ ਵੀ ਕੀਤੀ। 2000 ਤੋਂ ਅੱਜ ਤੱਕ ਇੱਕੀ ਫਰਵਰੀ ਅੰਤਰ-ਰਾਸ਼ਟਰੀ ਪੱਧਰ ਤੇ ਮਾਂ-ਬੋਲੀ ਦਿਨ ਮਨਾਇਆ ਜਾਂਦਾ ਹੈ। ਇਸ ਦਿਨ ਮਾਂ-ਬੋਲੀ ਦੀ ਮਹੱਤਤਾ ਉੱਪਰ ਵਿਚਾਰਾਂ ਕੀਤੀਆਂ ਜਾਂਦੀਆਂ ਹਨ, ਮਾਂ ਬੋਲੀ ਸਾਹਮਣੇ ਪੇਸ਼ ਖ਼ਤਰਿਆਂ ਨੂੰ ਪਛਾਣਿਆ ਜਾਂਦਾ ਹੈ ਅਤੇ ਮਾਂ-ਬੋਲੀ ਦੀ ਵੱਖਰੀ ਪਛਾਣ ਬਣਾਈ ਰੱਖਣ ਲਈ ਸੰਘਰਸ਼ ਨਾਲ ਪ੍ਰਤੀਬੱਧਤਾ ਦਿਖਾਈ ਜਾਂਦੀ ਹੈ। ਹੁਣ ਤੱਕ ਯੂਨੈਸਕੋ ਮਾਂ-ਬੋਲੀ ਵਿਚ ਬਰੇਲ ਲਿਪੀ ਦੀ ਮਹੱਤਤਾ ਉਪਰ ਚੇਤਨਤਾ ਲਹਿਰ ਚਲਾ ਚੁੱਕੀ ਹੈ। ਸਾਈਬਰ ਸਪੇਸ ਵਿਚ ਮਾਂ-ਬੋਲੀ ਦੀ ਲੋੜ ਨੂੰ ਮਹਿਸੂਸ ਕਰਵਾ ਚੁੱਕੀ ਹੈ। ਮਾਂ-ਬੋਲੀ ਦੇ ਨਾਲ ਹੋਰ ਭਾਸ਼ਾਵਾਂ ਨਾਲ ਇਸਦੇ ਸੰਬੰਧਾਂ ਉਪਰ ਵਿਚਾਰ ਕੀਤਾ ਗਿਆ ਹੈ। ਸਥਾਨਕ ਸਭਿਆਚਾਰਾਂ ਵਿਚ ਮਾਂ-ਬੋਲੀ ਦੇ ਮਹੱਤਵ ਨੂੰ ਰੇਖਾਂਕਿਤ ਕਰ ਚੁੱਕੀ ਹੈ। ਸੰਚਾਰ-ਮਾਧਿਅਮਾਂ ਨੂੰ ਮਾਂ-ਬੋਲੀ ਅਨੁਕੂਲ ਬਣਾਉਣ ਬਾਰੇ ਚਿੰਤਾਵਾਂ ਸਾਂਝੀਆਂ ਕੀਤੀਆਂ ਗਈਆਂ ਹਨ। ਸਥਾਨਕ ਭਾਸ਼ਾਵਾਂ ਨੂੰ ਅੰਤਰ-ਰਾਸ਼ਟਰੀ ਮੰਚ ਉੱਪਰ ਸਥਾਨ ਦੇਣ ਦਾ ਯਤਨ ਕੀਤਾ ਗਿਆ ਹੈ। 2014 ਦੇ ਸਾਲ ਵਿਚ ਮਾਤ-ਭਾਸ਼ਾ ਵਿਚ ਵਿਗਿਆਨਕ ਲਿਖਤਾਂ ਉਪਰ ਚਰਚਾ ਨਿਸ਼ਚਿਤ ਕੀਤੀ ਗਈ ਹੈ।

ਇਕ ਪਾਸੇ ਇਹ ਯਤਨ ਹਨ ਤਾਂ ਦੂਜੇ ਪਾਸੇ ਨਵ-ਸਾਮਰਾਜਵਾਦ ਆਪਣੇ ਸਭਿਆਚਾਰ ਨੂੰ ਹਮਲਾਵਰ ਧਾਰ ਦੇ ਰਿਹਾ ਹੈ। ਇਸ ਤੇਜ਼ ਧਾਰ ਦਾ ਸ਼ਿਕਾਰ ਭਾਸ਼ਾਵਾਂ ਵੀ ਹੋ ਗਈਆਂ ਹਨ। ਇਸ ਕੂੜ ਪ੍ਰਚਾਰ ਨੂੰ ਮਿੱਥ ਵਾਂਗ ਪ੍ਰਚਾਰਿਆ ਜਾਂਦਾ ਹੈ ਕਿ ਅੰਗਰੇਜ਼ੀ ਸੰਸਾਰ ਦੀ ਭਾਸ਼ਾ ਹੈ। ਜਦਕਿ ਹਰ ਦੇਸ਼ ਦੀਆਂ ਇਕ ਜਾਂ ਅਨੇਕ ਭਾਸ਼ਾਵਾਂ ਹਨ, ਅੰਗਰੇਜ਼ੀ ਕੇਵਲ ਕੜੀ ਦੀ ਭਾਸ਼ਾ ਬਣ ਸਕਦੀ ਹੈ। ਇਹ ਉਵੇਂ ਹੀ ਹੈ ਜਿਵੇਂ ਭਾਰਤ ਵਿਚ

ਹਿੰਦੀ ਰਾਸ਼ਟਰ ਭਾਸ਼ਾ ਦੀ ਮਿੱਥ ਪ੍ਰਚਲਿਤ ਕੀਤੀ ਗਈ ਹੈ ਜਦਕਿ ਹਰ ਪ੍ਰਦੇਸ਼ ਦੀ ਆਪਣੀ ਰਾਜ ਭਾਸ਼ਾ ਹੈ, ਹਿੰਦੀ ਤਾਂ ਕੇਵਲ ਕੜੀ ਹੀ ਬਣ ਸਕਦੀ ਹੈ। ਇਸੇ ਸੰਦਰਭ ਵਿਚ ਯੂਨੈਸਕੋ ਜਦੋਂ 2000 ਵਿਚ ਭਾਸ਼ਾਈ ਭਿੰਨਤਾ ਉਪਰ ਵਿਚਾਰ ਕਰਦਿਆਂ ਜਦੋਂ ਦੁਨੀਆਂ ਦੀਆਂ 3000 ਭਾਸ਼ਾਵਾਂ ਦੀ ਹੋਂਦ ਦੇ ਖ਼ਤਰੇ ਪ੍ਰਤੀ ਆਗਾਹ ਕਰਦੀ ਹੈ ਤਾਂ ਪੰਜਾਬੀ ਉਪਰ ਵੀ ਇਹ ਖ਼ਤਰਾ ਸਪੱਸ਼ਟ ਹੀ ਦੇਖਿਆ ਜਾ ਸਕਦਾ ਹੈ।

ਇਹ ਮਿੱਥ ਵੀ ਜ਼ੋਰ-ਸ਼ੋਰ ਨਾਲ ਮੀਡੀਆ ਰਾਹੀਂ ਫੈਲਾਈ ਜਾ ਰਹੀ ਹੈ ਕਿ ਗਿਆਨ ਵਿਗਿਆਨ ਦੀ ਤਰੱਕੀ ਲਈ ਅੰਗਰੇਜ਼ੀ ਇਕੋ ਇਕ ਭਾਸ਼ਾ ਹੈ। ਭਾਰਤੀਆਂ ਨੇ ਅਤੇ ਪੰਜਾਬੀਆਂ ਨੇ ਇਸ ਮਿੱਥ ਨੂੰ ਵੀ ਆਤਮਸਾਤ ਕਰ ਲਿਆ ਹੈ। ਜਦ ਕਿ ਫਰਾਂਸ, ਜਰਮਨ ਅਤੇ ਚੀਨ ਵਿਚ ਵੀ ਫਰਾਂਸੀ ਸੀ, ਜਰਮਨੀ, ਰੂਸੀ, ਚੀਨੀ ਆਦਿ ਭਾਸ਼ਾਵਾਂ ਵਿਚ ਹੀ ਸਾਇੰਸ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਪਰ ਉਹ ਭਾਰਤ ਨਾਲੋਂ ਬਹੁਤ ਅੱਗੇ ਨਿਕਲ ਗਏ ਹਨ, ਪਰ ਭਾਰਤੀ ਉਨ੍ਹਾਂ ਨੂੰ ਫੜਨ ਦੇ ਯਤਨਾਂ ਵਿਚ ਮੂੰਹ ਭਾਰ ਡਿੱਗ ਕੇ ਜ਼ਖ਼ਮੀ ਹੋ ਰਹੇ ਹਨ। ਇਹੋ ਹੀ ਗੱਲ ਦੂਸਰੇ ਸੰਕਲਪਾਂ ਨੂੰ ਪੇਸ਼ ਨਾ ਕਰ ਸਕਣ ਦੀ ਦੁਹਾਈ ਵੀ ਦਿੱਤੀ ਜਾਂਦੀ ਹੈ ਜਦਕਿ ਪੰਜਾਬੀ ਵਰਗੀ ਭਾਸ਼ਾ ਹਰ ਤਰ੍ਹਾਂ ਦੇ ਸੰਕਲਪਾਂ ਨੂੰ ਪੇਸ਼ ਕਰਨ ਦੇ ਯੋਗ ਹੈ। ਨਾਲਾਇਕੀ ਸਾਡੀ ਹੈ। ਇਥੇ ਮੈਡੀਕਲ ਸਾਇੰਸ ਦੀ ਸ਼ਬਦਾਵਲੀ ਲਈ ਜਾ ਸਕਦੀ ਹੈ। ਆਮ ਬੁਖ਼ਾਰ ਲਈ ਸਾਡੇ ਕੋਲ ਕਿੰਨੇ ਸ਼ਬਦ ਹਨ, ਮਿਆਦੀ ਬੁਖ਼ਾਰ (ਟਾਈਫਸ), ਲਹਿਰੀਆ ਬੁਖ਼ਾਰ (ਮਾਲਟਾ ਫੀਵਰ), ਸੂਤਕੀ ਬੁਖ਼ਾਰ (ਪਿਊਰਪੇਰਲ ਬੁਖ਼ਾਰ), ਮੌਸਮੀ ਬੁਖ਼ਾਰ, ਤੇਈਆ, ਹੱਡ-ਭੰਨ ਬੁਖ਼ਾਰ ਆਦਿ। ਹੋਮਿਓਪੈਥੀ ਡਾਕਟਰ ਸੁਰਜੀਤ ਸਿੰਘ ਬੈਂਸ ਨੇ ਆਪਣੇ 'ਹੋਮਿਓਪੈਥਿਕ ਘਰੇਲੂ ਡਾਕਟਰ' ਪੁਸਤਕ ਵਿਚ 50 ਕਿਸਮਾਂ ਦੇ ਬੁਖ਼ਾਰਾਂ ਦੇ ਨਾਮ ਦਿੱਤੇ ਹਨ। ਉਸਨੇ ਚਾਰ ਭਾਗਾਂ ਦੀ ਇਸ ਪੁਸਤਕ ਵਿਚ ਰੋਗਾਂ ਦੇ ਪੰਜਾਬੀ ਨਾਮ ਤੇ ਸ਼ਬਦਾਵਲੀ ਦੇ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ ਹਰ ਤਰ੍ਹਾਂ ਦੀ ਸਾਇੰਸ ਅਤੇ ਸੰਕਲਪਾਂ ਨੂੰ ਪ੍ਰਗਟਾਉਣ ਦੇ ਸਮਰੱਥ ਹੈ, ਪਰ ਸਾਨੂੰ ਚੜ੍ਹੇ ਅੰਗਰੇਜ਼ੀ ਬੁਖ਼ਾਰ ਦਾ ਕੋਈ ਕੀ ਕਰੇ?

ਜਿੱਥੋਂ ਤੱਕ ਜਾਣਕਾਰੀ ਦਾ ਸੰਬੰਧ ਹੈ ਡਾ. ਜੋਗਾ ਸਿੰਘ ਨੇ ਦੱਸਿਆ ਹੈ ਕਿ 2000 ਈ. ਦੇ ਕਰੀਬ ਇੰਟਰਨੈੱਟ ਤੇ 80% ਜਾਣਕਾਰੀ ਅੰਗਰੇਜ਼ੀ ਵਿਚ ਉਪਲਬਧ ਸੀ ਪਰ ਹੁਣ ਇਹ 40% ਹੀ ਰਹਿ ਗਈ ਹੈ। ਸਾਰੀ ਜਾਣਕਾਰੀ ਹੁਣ ਸਥਾਨਕ ਭਾਸ਼ਾਵਾਂ ਵਿਚ ਮਿਲ ਰਹੀ ਹੈ। ਪੰਜਾਬੀ ਦੀਆਂ ਐਨੀਆਂ ਕੁ ਸਾਈਟਾਂ/ ਬਲਾਗ ਸਾਹਿਤਕ ਈ-ਪਰਚੇ ਅਤੇ ਹਰ ਤਰ੍ਹਾਂ ਦੇ ਸ਼ਬਦ ਕੋਸ਼ ਮਿਲਦੇ ਹਨ ਕਿ ਥੋੜ੍ਹੀ ਜਿਹੀ ਇੰਟਰਨੈੱਟ ਜਾਣਕਾਰੀ ਨਾਲ ਹੌਲੀ-ਹੌਲੀ ਯੂਨੀਕੋਡ ਫੌਂਟ ਦੇ ਆਉਣ ਨਾਲ ਫੌਂਟਾਂ ਦੀ ਸਮੱਸਿਆ ਦਾ ਹੱਲ ਵੀ ਨਜ਼ਦੀਕ ਹੀ ਹੈ। ਹੁਣ ਇੰਟਰਨੈੱਟ ਤੇ ਬਹੁਤ ਸਾਰਾ ਸਾਹਿਤ ਵੀ ਪ੍ਰਾਪਤ ਹੋਣ ਲੱਗਾ ਹੈ, ਵਿਸ਼ੇਸ਼ ਤੌਰ ਤੇ ਮੱਧਕਾਲੀ ਸਾਹਿਤ। ਸਮਾਜਿਕ ਨੈਟਵਰਕ ਤੇ ਵੀ ਪੰਜਾਬੀ ਲਿਖੀ ਪੜ੍ਹੀ ਜਾ ਰਹੀ ਹੈ। ਇਸ



ਸਭ ਕੁਝ ਵਿਚ ਪਰਵਾਸੀ ਭਾਰਤੀਆਂ ਦਾ ਵਿਸ਼ੇਸ਼ ਤੌਰ ਤੇ ਕੁਲਬੀਰ ਸਿੰਘ ਥਿੰਦ, ਕ੍ਰਿਪਾਲ ਸਿੰਘ ਪੰਨੂ, ਜਨਮੇਜਾ ਜੌਹਲ ਅਤੇ ਹੁਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵੱਡਾ ਯੋਗਦਾਨ ਹੈ।

ਭਾਸ਼ਾ ਵਿਗਿਆਨੀ ਅਤੇ ਮਨੋ-ਵਿਗਿਆਨੀ ਸਾਰੇ ਹੀ ਇਸ ਮੁੱਦੇ ਤੇ ਇਕ ਮੱਤ ਹਨ ਕਿ ਜੋ ਬੱਚਾ ਆਪਣੀ ਮੁੱਢਲੀ ਸਿੱਖਿਆ ਮਾਂ-ਬੋਲੀ ਵਿਚ ਕਰਦਾ ਹੈ, ਉਹ ਦੂਸਰੀਆਂ ਬੋਲੀਆਂ ਨੂੰ ਵੀ ਆਸਾਨੀ ਨਾਲ ਸਿੱਖ ਸਕਦਾ ਹੈ।

ਮਸਲਾ ਲਿਪੀ ਦਾ ਹੈ। ਹਰ ਭਾਸ਼ਾ ਦੀ ਉਸਦੇ ਅਨੁਕੂਲ ਲਿਪੀ ਦਾ ਵਿਕਾਸ ਵੀ ਨਾਲੋ-ਨਾਲ ਹੁੰਦਾ ਹੈ। ਜਿਵੇਂ ਪੰਜਾਬੀ ਦੀ ਗੁਰਮੁਖੀ ਲਿਪੀ ਵਿਚ ਪੰਜਾਬੀ ਦੇ ਹਰ ਉਚਾਰਣ ਨੂੰ ਪ੍ਰਗਟਾਉਣ ਦੀ ਸਮਰੱਥਾ ਹੈ। ਬਾਬਾ ਫ਼ਰੀਦ ਅਤੇ ਦੂਸਰੇ ਸਾਮੀ ਸਭਿਆਚਾਰ ਨਾਲ ਜੁੜੇ ਲਿਖਾਰੀਆਂ ਨੇ ਫ਼ਾਰਸੀ ਲਿਪੀ ਵਿਚ ਪਰਿਵਰਤਨ ਕਰਕੇ ਉਸਨੂੰ ਆਪਣੇ ਅਨੁਕੂਲ ਬਣਾਇਆ। ਭਾਵੇਂ ਇਕ ਭਾਸ਼ਾ ਦੀਆਂ ਦੋ ਲਿਪੀਆਂ ਦਾ ਸੰਕਲਪ ਅਣਹੋਣਾ ਅਤੇ ਅਪਵਾਦ ਹੈ ਪਰ ਪੰਜਾਬੀ ਭਾਸ਼ਾ ਲਈ ਇਹ ਯਥਾਰਥ ਹੈ। ਇਸ ਲਈ ਬਲਰਾਜ ਸਾਹਨੀ ਦੀ ਇਹ ਗੱਲ ਮੰਨਣਯੋਗ ਹੈ ਕਿ ਪੰਜਾਬੀ ਦੀਆਂ ਦੋ ਲਿਪੀਆਂ ਹਨ, ਗੁਰਮੁਖੀ ਅਤੇ ਸ਼ਾਹਮੁਖੀ। ਪੂਰਬੀ ਅਤੇ ਪੱਛਮੀ ਪੰਜਾਬ ਵਿਚ ਪ੍ਰਚਲਿਤ ਇਨ੍ਹਾਂ ਲਿਪੀਆਂ ਵਿਚ ਲਿਖੇ ਸਾਹਿਤ ਨੂੰ ਕੰਪਿਊਟਰ ਦੀ ਮਦਦ ਨਾਲ ਲਿਪੀਅੰਤਰ ਕਰਕੇ ਕਈ ਸਮੱਸਿਆਵਾਂ ਦਾ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਗਿਆਰਵੀਂ ਸਦੀ ਤੋਂ ਲੈ ਕੇ ਹੁਣ ਤੱਕ ਦਾ ਪੰਜਾਬੀ ਸਾਹਿਤ ਪੰਜਾਬੀ ਦੀ ਵੱਖਰੀ ਪਛਾਣ ਹੀ ਨਹੀਂ ਬਣਾਉਂਦਾ ਸਗੋਂ ਕਈ ਹੋਰ ਭਾਸ਼ਾਵਾਂ ਦੇ ਸਾਹਿਤ ਉਪਰ ਆਪਣਾ ਸਿੱਕਾ ਵੀ ਜਮਾਉਂਦਾ ਹੈ।

ਇਹ ਸਾਰਾ ਕੁਝ ਦਿਨ ਦੇ ਉਜਾਲੇ ਵਾਂਗ ਪ੍ਰਗਟ ਹੈ, ਪਰ ਰੌਲਾ ਕਿੱਥੇ ਰਹਿ ਜਾਂਦਾ ਹੈ। ਰੌਲਾ ਹੈ ਰਾਜਨੀਤੀ ਦਾ। ਸੱਤਾਧਾਰੀ / ਐਲੀਟ ਹਮੇਸ਼ਾ ਆਪਣੀ ਭਾਸ਼ਾ ਨੂੰ ਵੱਖਰੀ ਅਤੇ ਉੱਤਮ ਦਰਸਾਉਣ ਦਾ ਯਤਨ ਕਰਦੇ ਹਨ। ਪੰਜਾਬੀ ਨਾਲ ਵੀ ਅਜਿਹਾ ਹੋ ਰਿਹਾ ਹੈ। ਕਿਸੇ ਨਾ ਕਿਸੇ ਬਹਾਨੇ ਆਮ ਜਨਤਾ ਉੱਪਰ ਅੰਗਰੇਜ਼ੀ ਥੋਪ ਕੇ, ਹਿੰਦੀ ਲੱਦ ਕੇ ਉਨ੍ਹਾਂ ਨੂੰ ਬੌਣੇ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ।

ਪਰ ਕੁਝ ਸਾਲਾਂ ਤੋਂ ਪੰਜਾਬੀ ਦੇ ਹੱਕ ਵਿਚ ਇਕ ਲਹਿਰ ਪੈਦਾ ਹੋ ਰਹੀ ਹੈ। ਇਸ ਬਾਰ ਮਾਤ-ਭਾਸ਼ਾ ਦਿਵਸ ਤੇ ਸਰਕਾਰ ਨੂੰ ਵੀ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਮਜਬੂਰ ਹੋਣਾ ਪਿਆ ਹੈ। ਜੇਕਰ ਇਹ ਲਹਿਰ ਇਵੇਂ ਹੀ ਅਗਾਂਹ ਵੱਧਦੀ ਹੈ ਤਾਂ ਉਹ ਦਿਨ ਦੂਰ ਨਹੀਂ ਕਿ ਪੰਜਾਬ ਵਿਚ ਪੰਜਾਬੀ ਨੂੰ ਉਸਦਾ ਬਣਦਾ ਹੱਕ ਜ਼ਰੂਰ ਮਿਲੇਗਾ। •

## ਮਦਨ ਵੀਰਾ

### 1. ਮਿੱਟੀ ਦੇ ਮਾਧੋ

ਕਦੇ ਕਦੇ
ਸਿਮਰਤੀਆਂ 'ਚ ਅਜੇ ਵੀ
ਆ ਧਮਕਦਾ ਹੈ
ਮੇਰੇ ਕਸਬੇ ਦਾ ਸਿਰਫਿਰਾ ਕੁੱਕੂ
ਜੋ ਤਨ ਦੇ ਕੱਪੜੇ ਉਤਾਰ
ਝੰਡੇ ਵਾਂਗ ਝੁਲਾਉਂਦਾ ਸੀ
ਖਿੜ-ਖਿੜਾ ਕੇ ਹੱਸਦਾ ਸੀ
ਕੰਨ ਤੇ ਹੱਥ ਧਰਕੇ ਹੇਕ ਲਾਉਂਦਾ ਸੀ
ਚੁਰਾਹੇ ਖੜਕੇ ਗਾਉਂਦਾ ਸੀ
'ਜੋ ਮਿੱਟੀ ਦੇ ਮਾਧੋ ਨੇ
ਖੁਰ ਜਾਣਗੇ
ਜੋ ਫਸਲੀ ਬਟੇਰੇ ਨੇ ਉੱਡ ਜਾਣਗੇ
ਮੌਲਾ ਬੇੜੇ ਸਿਦਕ ਦੇ ਹੀ
ਪਾਰ ਲੱਗਣੇ
ਸਿਦਕੋਂ ਸੱਖਣੇ ਵਿਚਾਲੇ ਹੀ
ਰੁੜ੍ਹ ਜਾਣਗੇ .......।'
ਤੇ ਮੈਂ ਦੇਖਦਾ ਹਾਂ
ਕਿੰਨੇ ਮਾਧੋ
ਮੇਰੇ ਵਾਂਗਰ
ਕਿੱਥੇ ਕਿੱਥੇ ਤੁਰ ਗਏ ਨੇ
ਵਿਚ ਵਿਚਾਲੇ ਖੁਰ ਗਏ ਨੇ
ਸਫ਼ਰ ਨੂੰ ਛੱਡ ਕੇ ਅਧੂਰਾ
ਕਿੰਨੇ ਸਾਥੀ ਵਾਰੀ ਵਾਰੀ
ਮਾਰ ਉਡਾਰੀ ਉੱਡ ਗਏ ਨੇ
ਕੁੱਕੂ ਅੱਜ ਵੀ ਵਿਚ ਚੁਰਾਹੇ
ਨੰਗ-ਧੜੰਗਾ ਗਾ ਰਿਹਾ ਹੈ
ਤੇ ਪਜਾਮੇ ਦੇ ਝੰਡੇ ਨੂੰ
ਇਹ ਕਿਸ ਉਤਸਵ ਤੇ
ਲਹਿਰਾ ਰਿਹਾ ਹੈ? •

### 2. ਮਿੱਟੀ ਦਾ ਸਾਕ

ਦੇਖਕੇ ਬੂਟਾਂ ਦਾ ਜੋੜਾ
ਨਵਾਂ ਨਕੋਰ
ਜ਼ਿਹਨ ਦੇ ਵਿਚ ਸੁਲਘ ਪਈ
ਕੱਚਿਆਂ ਰਾਹਾਂ ਦੀ ਰੇਤ
ਯਾਦ ਆਈ
ਤਪਦਿਆਂ ਰਾਹਾਂ ਦੀ ਤੋਰ ....
ਘਰ ਆਪਣੇ ਦੇਖਦਾ ਹਾਂ
ਲਿਸ਼ਕਦਾ ਪਿਆ ਗਰਮ ਸੂਟ
ਹੈਂਗਰ ਤੇ ਜੋ ਲਟਕਦਾ ਹੈ
ਤਾਂ ਚੇਤਿਆਂ ਵਿਚ ਵਾਰ-ਵਾਰ
ਅਜੇ ਵੀ ਘਸਿਆ ਪੁਰਾਣਾ
ਡੱਬ-ਖੜੱਬਾ ਅੱਧੋ-ਰਾਣਾ ਇਕ ਸਵੈਟਰ
ਭਟਕਦਾ ਹੈ।
ਬੂਟ ਤੇ ਇਸ ਸੂਟ ਦਾ
ਸਫ਼ਰ ਹੈ ਕਿੰਨਾ ਨਿਆਰਾ
ਖੁਸ਼ ਹਾਂ ਕਿ ਟੇਢੇ ਮੇਢੇ ਰਸਤਿਆਂ ਤੇ
ਮੈਂ ਸਬੂਤੀ ਤੋਰ ਤੁਰਦਾ
ਤੇ ਜਦੋਂ ਵੀ ਹਾਂ ਅੱਕ ਜਾਂਦਾ



ਉੱਕਦਾ ਜਾਂ ਥੱਕ ਜਾਂਦਾ
ਘੜੀ ਪਲ ਦਮ ਲੈਣ ਦੇ ਲਈ
ਖੋਲ੍ਹ ਬਹਿੰਦਾ ਹਾਂ ਮੈਂ ਛੱਜੂ ਦਾ ਚੁਬਾਰਾ
ਕਿੰਨੇ ਨਗਰ-ਕਿੰਨੇ ਸ਼ਹਿਰ ਦੀਆਂ
ਸੜਕਾਂ ਦੀ ਮੈਂ ਖਾਕ ਛਾਣੀ
ਫੱਕੀਆਂ ਕਿੰਨੀਆਂ ਮੈਂ ਧੂੜਾਂ
ਪਰ ਆਪਣੀ ਮਿੱਟੀ ਦੇ ਨਾਲ
ਸਾਕ ਹੋਇਆ ਹੋਰ ਪੀਡਾ
ਨਾਤਾ ਜੁੜਿਆ ਹੋਰ ਗੂੜ੍ਹਾ। •

### 3. ਮਿੱਟੀ ਦਾ ਨਕਸ਼

ਮੈਂ ਤਾਂ ਅਜੇ ਵੀ ਉਹੋ ਜਿਹਾ ਹਾਂ
ਜਿਹੋ ਜਿਹਾ ਸੀ
ਹਮੇਸ਼ਾ ਦੀ ਤਰ੍ਹਾਂ ਹੀ
ਕਾਹਲ ਦੇ ਵਿਚ ਰਹਿਣ ਵਾਲਾ
ਨੇਰ ਦੇ ਲਸ਼ਕਰ 'ਚ ਘਿਰਕੇ ਵੀ
ਜੁਗਨੂੰਆਂ ਦੀ ਭਾਲ ਦੇ ਵਿਚ
ਰਹਿਣ ਵਾਲਾ
ਹਰ ਸਵਾਲ ਨਾਲ ਖਹਿੰਦਾ
ਸਿੱਕੇ ਵਾਂਗਰ ਖੜਕਦਾ
ਵਕਤ ਦੀ ਰਮਜ਼ ਸੁਣਦਾ
ਸਮੇਂ ਦੀ ਸਾਰ ਕਹਿੰਦਾ
ਬਦਲ ਤਾਂ ਤੁਸੀਂ ਗਏ ਹੋ
ਬਦਲਦੇ ਮੌਸਮਾਂ ਦੇ ਨਾਲ
ਰੂਪ ਤਾਂ ਤੁਸੀਂ ਬਦਲੇ ਨੇ
ਬਦਲੀਆਂ ਰੁੱਤਾਂ ਦੇ ਨਾਲ...
ਮੈਂ ਤਾਂ ਮੌਸਮਾਂ ਨੂੰ
ਮਨ-ਮੂਜ਼ਬ ਘੜਨ ਵਾਲਿਆਂ ਨਾਲ
ਰੰਗਾਂ ਨੂੰ ਤੱਪਦੀ ਹੋਈ ਰੇਤ ਦੇ ਵਿਚ
ਮੜ੍ਹਨ ਵਾਲਿਆਂ ਨਾਲ
ਅਜੇ ਵੀ ਦਸਤ ਪੰਜਾ
ਲੈ ਰਿਹਾ ਹਾਂ
ਮਿੱਟੀ ਦੀ ਧੜਕਣ ਨੂੰ
ਕੰਨ ਲਾ ਸੁਣ ਰਿਹਾ ਹਾਂ
ਸੰਤਾਪੀ ਮਿੱਟੀ ਦਾ ਰੁਦਨ
ਕਹਿ ਰਿਹਾ ਹਾਂ ........
ਸਹਿ ਰਿਹਾ ਹਾਂ ........•

## ਸ਼ਰਧਾਂਜਲੀ

ਪਿਛਲੇ ਦਿਨੀਂ ਸਾਡੇ ਕੋਲੋਂ ਖੁਸ਼ਵੰਤ ਸਿੰਘ, ਸ਼ਾਹ ਚਮਨ, ਡਾ. ਗੁਰਭਗਤ ਸਿੰਘ ਅਤੇ ਡਾ. ਗੁਰਮੁਖ ਸਿੰਘ ਵਰਗੇ ਵਿਦਵਾਨ, ਪੱਤਰਕਾਰ, ਲੇਖਕ ਅਤੇ ਆਲੋਚਕ ਵਿਦਾਅ ਹੋ ਗਏ ਹਨ। ਅਦਾਰਾ ਚਿਰਾਗ਼ ਉਨ੍ਹਾਂ ਦੇ ਸਾਹਿਤਕ ਅਤੇ ਸਮਾਜਿਕ ਕੰਮਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਪੇਸ਼ ਕਰਦਾ ਹੈ।

# ਪਾਕਿਸਤਾਨ ਵਿਚ ਪੰਜਾਬੀ ਦੀ ਪੜ੍ਹਾਈ

## (ਪੰਜਾਬੀ ਵਿਦਵਾਨ ਨਾਲ ਗੁਫ਼ਤਗੂ)

ਮੁਹੰਮਦ ਆਸਿਫ਼ ਖਾਂ

? ਐਮ. ਏ. ਪੰਜਾਬੀ ਦਾ ਮੁੱਢ ਕਿਵੇਂ ਬੱਝਾ?

ਅਪ੍ਰੈਲ 1956 ਈ. ਵਿਚ ਲਾਇਲਪੁਰ ਦੇ ਧੋਬੀ ਘਾਟ ਮੈਦਾਨ ਵਿਚ ਪੰਜਾਬੀ ਕਾਨਫਰੰਸ ਹੋਈ ਜਿਹਦੀ ਸਦਾਰਤ ਮੌਲਾਨਾ ਅਬਦੁਲ ਮਜੀਦ ਸਾਲਿਕ ਹੁਰਾਂ ਕੀਤੀ। ਇਸ ਕਾਨਫਰੰਸ ਵਿਚ ਡਾਕਟਰ ਫ਼ਕੀਰ ਮੁਹੰਮਦ ਫ਼ਕੀਨੇ ਇਕ ਮਤਾ ਪੇਸ਼ ਕੀਤਾ। ਇਸ ਮਤੇ ਰਾਹੀਂ ਪੰਜਾਬ ਦੇ ਸਕੂਲਾਂ ਕਾਲਜਾਂ ਵਿਚ ਪੰਜਾਬੀ ਪੜ੍ਹਾਉਣ ਦੀ ਮੰਗ ਵੀ ਕੀਤੀ ਗਈ ਸੀ ਤੇ ਰੇਡੀਓ ਪਾਕਿਸਤਾਨ ਤੋਂ ਪੰਜਾਬੀ ਖ਼ਬਰਾਂ ਨਸ਼ਰ ਕਰਨ ਲਈ ਵੀ ਭਾਰ ਪਾਇਆ ਗਿਆ ਸੀ। ਇਉਂ ਮੰਗਾਂ ਦਾ ਇਹ ਸਿਲਸਿਲਾ ਤੁਰ ਪਿਆ। ਮੁਸ਼ਤਾਕ ਬੱਟ ਹੁਰਾਂ ਦੋ ਤਿੰਨ ਬਹੁਤ ਵੱਡੇ-ਵੱਡੇ ਜਲੂਸ ਵੀ ਕੱਢੇ ਜਿਨ੍ਹਾਂ ਨਾਲ ਰਾਹ ਪੱਧਰੀ ਹੋ ਗਈ। ਡਾਕਟਰ ਫ਼ਕੀਰ ਮੁਹੰਮਦ ਫ਼ਕੀਰ, ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵਾਈਸ ਚਾਂਸਲਰ ਡਾਕਟਰ ਅਲਾਮਾ ਅਲਾਉਦੀਨ ਸਦੀਕੀ ਨੂੰ ਮਿਲੇ। ਸੱਚੀ ਗੱਲ ਏ ਉਹ ਵਿਚੋਂ ਆਪ ਵੀ ਐਮ. ਏ. ਪੰਜਾਬੀ ਸ਼ੁਰੂ ਕਰਵਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਉਹਦੀ ਨਿਰੀ ਮਨਜ਼ੂਰੀ ਈ ਨਾ ਦਿੱਤੀ ਸਗੋਂ ਬਾਅਦ ਵਿਚ ਵਾਈਸ ਚਾਂਸਲਰ ਆਪ ਵੀ ਪੰਜਾਬੀ ਕਲਾਸਾਂ ਨੂੰ ਪੜ੍ਹਾਉਂਦੇ ਰਹੇ। ਉਦੋਂ ਐਮ. ਏ. ਪੰਜਾਬੀ ਲਈ ਬਾਬਾ ਫ਼ਰੀਦ ਦੇ ਸ਼ਲੋਕ ਤੇ ਸਿੱਖਾਂ ਦੀ ਵਾਰ ਵਰਗੀਆਂ ਜ਼ਿਆਦਾਤਰ ਡਾਕਟਰ ਫ਼ਕੀਰ ਮੁਹੰਮਦ ਫ਼ਕੀਰ ਦੀਆਂ ਸੋਧੀਆਂ ਕਿਤਾਬਾਂ ਲਵਾਈਆਂ ਗਈਆਂ ਸਨ। ਮੈਂ ਵਾਈਸ ਚਾਂਸਲਰ ਨੂੰ ਚਿੱਠੀ ਲਿਖੀ ਕਿ ਇਹਨਾਂ ਕਿਤਾਬਾਂ ਵਿਚ ਗਲਤੀਆਂ ਬਹੁਤ ਨੇ, ਇਨ੍ਹਾਂ ਦੀ ਥਾਂ ਫਲਾਣੀ-ਫਲਾਣੀ ਕਿਤਾਬ ਲਾਉਣੀ ਚਾਹੀਦੀ ਏ। ਮੈਨੂੰ ਉਹਨਾਂ ਨੇ ਜਵਾਬੀ ਚਿੱਠੀ ਲਿਖੀ ਕਿ ਤੁਹਾਨੂੰ ਐਮ. ਏ. ਪੰਜਾਬੀ ਦੀ ਨਸਾਬ (ਕੋਰਸ) ਕਮੇਟੀ ਦਾ ਐਸੋਸੀਏਟ ਮੈਂਬਰ ਬਣਾ ਲਿਆ ਗਿਆ ਏ, ਤੁਸੀਂ ਇਹਦੀ ਮੀਟਿੰਗ ਵਿਚ ਸਾਂਝ ਪਾਉ। ਮੈਂ, ਸ਼ਫ਼ਕਤ ਤਨਵੀਰ ਮਿਰਜ਼ਾ ਤੇ ਨਜ਼ਮ ਹੁਸੈਨ ਸੱਯਦ, ਅਸੀਂ ਤਿੰਨਾਂ ਨੇ ਬਹਿ ਕੇ ਇਕ ਨਸਾਬ ਤਿਆਰ ਕੀਤਾ ਤੇ ਉਹਨੂੰ ਲੈ ਕੇ ਮੈਂ ਮੀਟਿੰਗ ਵਿਚ ਟੁਰ ਗਿਆ। ਉਸ ਨਸਾਬ ਕਮੇਟੀ ਵਿਚ ਸੂਫ਼ੀ ਤਬੱਸਮ, ਕਿਊਮ ਨਜ਼ਰ, ਡਾਕਟਰ ਵਜੀਦ ਕੁਰੈਸ਼ੀ, ਅਸ਼ਫਾਕ ਅਹਿਮਦ ਖਾਂ ਤੇ ਖੌਰੇ ਇਕ ਅੱਧਾ ਬੰਦਾ ਹੋਰ ਵੀ ਸੀ। ਐਮ. ਏ. ਪੰਜਾਬੀ ਦੇ ਨਸਾਬ ਬਾਰੇ ਗੱਲਾਂ ਸ਼ੁਰੂ ਹੋ ਗਈਆਂ। ਮੈਂ ਉਨ੍ਹਾਂ ਨੂੰ ਆਖਿਆ ਗੱਲਾਂ ਕਰਨ ਦੀ ਥਾਂ ਮੈਨੂੰ ਤੁਸੀਂ ਇਹ ਦੱਸੋ ਕਿ ਕੋਈ ਜਣਾ ਘਰੋਂ ਨਸਾਬ ਬਣਾ ਕੇ ਲਿਆਇਆ ਏ ਕਿ ਨਹੀਂ। ਉਹ ਕਹਿਣ ਲੱਗੇ 'ਨਹੀਂ"।

ਮੈਂ ਕਿਹਾ "ਮੈਂ ਬਣਾ ਕੇ ਲਿਆਇਆ ਹਾਂ, ਇਹ ਲਉ।"



ਸਾਡੇ ਤਿਆਰ ਹੋਏ ਨਸਾਬ ਉੱਤੇ ਗੱਲਬਾਤ ਹੋਣ ਲੱਗ ਪਈ। ਅਸ਼ਫਾਕ ਅਹਿਮਦ ਖਾਂ ਆਖਿਆ ਮੈਨੂੰ ਦੋ ਕਿਤਾਬਾਂ ਤੇ ਇਤਰਾਜ਼ ਏ। ਉਹ ਕਿਤਾਬਾਂ ਪਹਿਲੇ ਵੀ ਲੱਗੀਆਂ ਹੋਈਆਂ ਸਨ, ਇਕ ਸੀ ਅਸ਼ਫਾਕ ਅਹਿਮਦ ਦੀ ਆਪਣੀ ਕਿਤਾਬ 'ਟਾਹਲੀ ਦੇ ਥੱਲੇ' ਤੇ ਦੂਜੀ ਸੀ ਮਜ਼ਬੀ ਮਾਮਲਿਆਂ ਬਾਰੇ ਕਿਤਾਬ 'ਬਾਰਾਂ ਅਨਵਾਅ'। 'ਬਾਰਾਂ ਅਨਵਾਅ' ਬਾਰੇ ਅਸ਼ਫਾਕ ਅਹਿਮਦ ਨੇ ਆਖਿਆ ਇਹ ਬਹੁਤ ਮੁਸ਼ਕਿਲ ਕਿਤਾਬ ਏ। ਮੈਂ ਬਹੁਤ ਵਾਰੀ ਇਹਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ ਏ, ਇਹ ਮੇਰੇ ਪੱਲੇ ਨਹੀਂ ਪੈਂਦੀ। ਪੜ੍ਹਿਆਰਾਂ ਇਹਨੂੰ ਕੀ ਸਮਝਣਾ ਏ। ਅਸ਼ਫਾਕ ਅਹਿਮਦ ਦਾ ਖ਼ਿਆਲ ਸੀ ਕਿ ਉਹਦੀ ਆਪਣੀ ਕਿਤਾਬ ਵੀ ਐਮ. ਏ. ਪੰਜਾਬੀ ਦੇ ਨਸਾਬ ਵਿਚ ਸ਼ਾਮਿਲ ਕਰਨ ਲਈ ਢੁੱਕਵੀਂ ਨਹੀਂ। ਗੱਲ ਮੁੱਕੀ, ਜਿਹੜਾ ਨਸਾਬ ਅਸਾਂ ਬਣਾਇਆ ਹੋਇਆ ਸੀ ਮਨਜ਼ੂਰ ਕਰ ਲਿਆ ਗਿਆ।

ਉਹਦੇ ਬਾਅਦ ਮੈਨੂੰ ਇਕ ਚਿੱਠੀ ਆਈ ਕਿ ਤੁਸਾਂ ਨਸਾਬ ਵਿਚ ਸ਼ਾਮਿਲ ਕਰਨ ਲਈ ਜਿਨ੍ਹਾਂ ਕਿਤਾਬਾਂ ਦੀ ਸਲਾਹ ਦਿੱਤੀ ਏ, ਉਨ੍ਹਾਂ ਬਾਰੇ ਸਰਟੀਫਿਕੇਟ ਦਿਉ ਕਿ ਉਨ੍ਹਾਂ ਵਿਚ ਅਜਿਹਾ ਮਵਾਦ ਨਹੀਂ ਜਿਹੜਾ ਇਸਲਾਮ ਅਤੇ ਪਾਕਿਸਤਾਨ ਦੀਆਂ ਨਜ਼ਰਆਤੀ ਸਰਹੱਦਾਂ ਦੇ ਖਿਲਾਫ਼ ਹੋਵੇ। ਮੈਂ ਉਨ੍ਹਾਂ ਦੀ ਘੱਲੀ ਨਸਾਬ ਦੀ ਵੇਰਵੇ ਦੀ ਕਾਪੀ ਵੇਖੀ ਤੇ ਹੈਰਾਨ ਰਹਿ ਗਿਆ ਕਿ ਉਹ ਪਹਿਲਾਂ ਹੀ ਅੱਧਾ ਬਦਲ ਦਿੱਤਾ ਗਿਆ ਸੀ ਤੇ ਆਪਣੇ ਵਲੋਂ ਪਾਈਆਂ ਕਿਤਾਬਾਂ ਬਾਰੇ ਵੀ ਮੇਰੇ ਕੋਲੋਂ ਈ ਸਰਟੀਫਿਕੇਟ ਮੰਗਿਆ ਜਾ ਰਿਹਾ ਸੀ। ਡਾਕਟਰ ਵਹੀਦ ਕੁਰੈਸ਼ੀ ਨਸਾਬ ਕਮੇਟੀ ਦੇ ਕਨਵੀਨਰ ਸਨ। ਇਸਲਾਮ ਤੇ ਦੇਸ਼ ਦੀਆਂ ਨਜ਼ਰਆਤੀ ਸਰਹੱਦਾਂ ਬਾਰੇ ਜੋ ਮੇਰੀ ਸੋਚ ਸੀ ਉਹਦੇ ਉੱਤੇ ਉਸ ਨਸਾਬ ਬਾਰੇ ਕੋਈ ਦੋ ਕੁ ਸਫ਼ਿਆਂ ਦਾ ਜਵਾਬ ਲਿਖ ਕੇ ਮੈਂ ਉਨ੍ਹਾਂ ਨੂੰ ਘੱਲ ਦਿੱਤਾ। ਬਾਅਦ ਜਦੋਂ ਨਸਾਬ ਛਪਿਆ ਤਾਂ ਕਮਾਲ ਈ ਹੋ ਗਈ ਸੀ, ਉਹਦੇ ਵਿਚੋਂ ਸਾਡੇ ਵਲੋਂ ਦਿੱਤੀ ਗਈ ਇਕ ਵੀ ਕਿਤਾਬ ਸ਼ਾਮਿਲ ਨਹੀਂ ਸੀ ਕੀਤੀ ਗਈ।

ਐਮ. ਏ. ਪੰਜਾਬੀ ਦੀਆਂ ਕਲਾਸਾਂ ਸ਼ੁਰੂ ਹੋ ਗਈਆਂ। ਪਹਿਲੇ ਸੈਸ਼ਨ ਵਿਚ ਕੋਈ ਪੰਦਰਾਂ ਵੀਹ ਪੜ੍ਹਿਆਰ ਆਏ ਸਨ ਜਿਨ੍ਹਾਂ ਵਿਚ ਸ਼ਹਿਬਾਜ਼ ਮਲਿਕ, ਸਰਫਰਾਜ਼ ਅਲੀ ਹੁਸੈਨ (ਸ਼ਾਇਰੀ ਪਰਾਗਾ 'ਨਾਵ' ਦੇ ਸ਼ਾਇਰ) ਤੇ ਜ਼ਾਹਦ ਸਰਫ਼ਰਾਜ਼ ਸ਼ਾਮਿਲ ਸਨ। ਕਿਊਮ ਨਜ਼ਰ ਹੁਰੀਂ ਇੰਚਾਰਜ ਸਨ, ਉਨ੍ਹਾਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਇਕ ਦੋ ਵਾਰੀ ਮੈਨੂੰ ਵੀ ਲੈਕਚਰ ਦੇਣ ਲਈ ਸੱਦਾ ਦਿੱਤਾ। ਮੈਂ ਵਾਰਾਂ ਉੱਤੇ ਦੋ-ਤਿੰਨ ਲੈਕਚਰ ਦਿੱਤੇ, ਹਾਲਾਂ ਉਦੋਂ ਮੈਂ ਆਪ ਪੰਜਾਬੀ ਐਮ. ਏ. ਦਾ ਪ੍ਰਾਈਵੇਟ ਇਮਤਿਹਾਨ ਦੇ ਰਿਹਾ ਸਾਂ। ਮੇਰੇ ਨਾਲ ਹੋਰ ਪ੍ਰਾਈਵੇਟ ਐਮ. ਏ. ਕਰਨ ਵਾਲਿਆਂ ਵਿਚ ਸ਼ਰੀਫ ਸਾਬਰ ਤੇ ਇਕਬਾਲ ਸਲਾਹੁਦੀਨ ਸ਼ਾਮਲ ਸਨ। ਐਮ. ਏ. ਪੰਜਾਬੀ ਦੇ ਇਸ ਪਹਿਲੇ ਬੈਚ ਦਾ ਇਮਤਿਹਾਨ ਹੋਇਆ ਪਰ ਉਨ੍ਹਾਂ ਪਹਿਲਾਂ ਈ ਇਹ ਸਟਰੈਟੀਜੀ ਬਣਾ ਲਈ ਸੀ ਕਿ ਇਹ ਜਿਹੜੇ ਦਸ

ਬੰਦੇ ਆ, ਇਨ੍ਹਾਂ ਦੀ ਫਸਟ ਕਲਾਸ ਨਹੀਂ ਆਉਣੀ ਚਾਹੀਦੀ, ਕਿਉਂਕਿ ਜੇ ਇਹ ਕਲੇਮ ਕਰ ਸਕਦੇ ਆ ਕੱਲ੍ਹ ਨੂੰ ਕਿ ਸਾਨੂੰ ਲੈਕਚਰਰ ਅਪਵਾਇੰਟ ਕੀਤਾ ਜਾਵੇ। ਯੂਨੀਵਰਸਿਟੀ ਵਿਚ ਉਨ੍ਹਾਂ ਦਸਾਂ ਵਿਚੋਂ ਮੈਂ ਟਾਪ ਆਫ਼ ਦੀ ਲਿਸਟ ਸਾਂ। ਸ਼ਰੀਫ਼ ਸਾਬਰ ਤੇ ਇਕਬਾਲ ਸਲਾਹੁਦੀਨ ਵੀ ਉਸੇ ਸੂਚੀ ਵਿਚ ਸ਼ਾਮਿਲ ਸਨ। ਸਾਡੇ ਸਾਰਿਆਂ ਦੀਆਂ ਸੈਕਿੰਡ ਕਲਾਸਾਂ ਆਈਆਂ। ਸ਼ਰੀਫ਼ ਸਾਬਰ ਨਾਲ ਢੇਰ ਧ੍ਰੋਹ ਹੋਇਆ। ਅਸੀਂ ਜਿਹੜੇ ਪੰਜਾਬੀ ਲਿਖਣ ਪੜ੍ਹਨ ਵਾਲੇ ਆਂ, ਅਸੀਂ ਸ਼ਰੀਫ਼ ਸਾਬਰ ਨੂੰ ਹੀਰ ਵਾਰਿਸ ਸ਼ਾਹ ਦਾ ਬਹੁਤ ਵੱਡਾ ਆਲਮ ਸਮਝਦੇ ਆਂ ਪਰ ਪੜ੍ਹਨ ਵਾਲੇ ਹੈਰਾਨ ਹੋਣਗੇ ਕਿ ਹੀਰ ਵਾਰਸ ਸ਼ਾਹ ਵਾਲੇ ਪਰਚੇ ਵਿਚ ਸ਼ਰੀਫ਼ ਸਾਹਿਬ ਨੂੰ ਸਿਰਫ਼ ਛੇ ਨੰਬਰ ਦਿੱਤੇ ਗਏ ਸਨ..... ਦੂਜਿਆਂ ਨਾਲ ਜੋ ਹੋਈ ਉਹਦਾ ਗਵੇੜ ਵੀ ਇਹਦੇ ਤੋਂ ਲਾਇਆ ਜਾ ਸਕਦਾ ਏ।

ਇਹੋ ਹੀ ਨਹੀਂ ਸ਼ਹਿਬਾਜ਼ ਮਲਿਕ ਨਾਲ ਵੀ ਧ੍ਰੋਹ ਕੀਤਾ ਗਿਆ। ਉਸਨੂੰ ਦੋ ਨੰਬਰ ਘੱਟ ਦੇ ਕੇ ਦੂਜੇ ਨੰਬਰ ਤੇ ਲੈ ਆਂਦਾ ਗਿਆ ਅਤੇ ਇਕ ਕੁੜੀ ਨੂੰ ਯੂਨੀਵਰਸਿਟੀ ਵਿਚ ਪਹਿਲੇ ਨੰਬਰ ਤੇ ਲਿਆਂਦਾ ਗਿਆ। ਉਸ ਕੁੜੀ ਬਾਰੇ ਉਦੋਂ ਢੇਰ ਸਾਰੀਆਂ ਕਹਾਣੀਆਂ ਮਸ਼ਹੂਰ ਹੋਈਆਂ ਤੇ ਨਜ਼ਮਾਂ ਵੀ ਲਿਖੀਆਂ ਗਈਆਂ।

1974 ਵਿਚ ਐਮ. ਏ. ਪੰਜਾਬੀ ਸ਼ੁਰੂ ਹੋਇਆਂ ਦੋ ਸਾਲ ਹੋ ਗਏ ਸਨ ਕਿ ਡਾਕਟਰ ਅਜਮਲ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵਾਈਸ ਚਾਂਸਲਰ ਬਣ ਗਏ। ਉਨ੍ਹਾਂ ਨੇ ਨਜ਼ਮ ਹੁਸੈਨ ਸੱਯਦ ਹੁਰਾਂ ਨੂੰ ਆਖਿਆ ਕਿ ਤੁਸੀਂ ਪੰਜਾਬੀ ਸ਼ੋਅਬੇ ਦੇ ਸਦਰ ਵਜੋਂ ਜ਼ਿੰਮੇਵਾਰੀ ਸਾਂਭੋ। ਇਥੇ ਮੈਂ ਇਹ ਦੱਸ ਦਿਆਂ ਕਿ ਨਜ਼ਮ ਹੁਸੈਨ ਸੱਯਦ ਹੁਰਾਂ ਨਾਲ ਮੇਰੀ ਪਹਿਲੀ ਮੁਲਾਕਾਤ ਸ਼ਫ਼ਕਤ ਤਨਵੀਰ ਮਿਰਜ਼ਾ ਅਤੇ ਹੋਰ ਸੱਜਣਾਂ ਵਲੋਂ 1964 ਵਿਚ ਕਰਵਾਏ ਗਏ ਸ਼ਾਹ ਹੁਸੈਨ ਦੇ ਮੇਲੇ ਉੱਤੇ ਈ ਹੋਈ ਸੀ। ਉਂਝ ਅਸੀਂ ਅੰਗਰੇਜ਼ੀ ਅਖ਼ਬਾਰਾਂ ਵਿਚ ਛਪਦੇ ਉਨ੍ਹਾਂ ਦੇ ਮਜ਼ਮੂਨਾਂ ਤੇ 'ਪਾਕਿਸਤਾਨ ਟਾਈਮਜ਼' ਵਿਚ ਛਪਦੇ ਲੈਟਰ ਟੂ ਐਡੀਟਰ ਤੋਂ ਉਨ੍ਹਾਂ ਨੂੰ ਚਿਰੋਕਣਾ ਜਾਣਦੇ ਸਾਂ। ਪਰ ਉਦੋਂ ਇਹ ਨਹੀਂ ਸੀ ਪਤਾ ਕਿ ਇਹ ਬੰਦਾ ਕੌਣ ਏ, ਕਿੱਥੇ ਰਹਿੰਦਾ ਏ, ਕੀ ਕਰਦਾ ਏ?

ਨਜ਼ਮ ਹੁਸੈਨ ਸੱਯਦ ਜਦ ਪੰਜਾਬੀ ਸ਼ੋਅਬੇ (ਵਿਭਾਗ) ਦੇ ਸਦਰ ਬਣ ਕੇ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਆਏ, ਉਸ ਵੇਲੇ ਉਹ ਏ. ਜੀ. ਆਫ਼ਿਸ ਵਿਚ ਮੁਲਾਜ਼ਮਤ ਕਰਦੇ ਸਨ ਤੇ ਇਥੇ ਆਪਣੇ ਮਹਿਕਮੇ ਵਲੋਂ ਡੈਪੂਟੇਸ਼ਨ ਤੇ ਆਏ ਸਨ। ਨਜ਼ਮ ਸਾਹਿਬ ਨੇ ਸ਼ਰੀਫ਼ ਕੁੰਜਾਹੀ, ਅਲੀ ਅਬਾਸ ਜਲਾਲਪੁਰੀ ਤੇ ਮੈਨੂੰ ਉਥੇ ਪਾਰਟ ਟਾਈਮ ਲੈਕਚਰਾਰ ਲਵਾ ਦਿੱਤਾ। ਨਜ਼ਮ ਹੁਸੈਨ ਸੱਯਦ ਹੁਰਾਂ ਪੰਜਾਬ ਯੂਨੀਵਰਸਿਟੀ ਵਿਚ ਆਉਣ ਵੇਲੇ ਇਹ ਸ਼ਰਤ ਰੱਖੀ ਸੀ ਕਿ ਪੰਜਾਬੀ ਡਿਪਾਰਟਮੈਂਟ, ਅਰਬੀ, ਫ਼ਾਰਸੀ ਤੇ ਉਰਦੂ ਦੇ ਸ਼ੋਅਬਿਆਂ ਵਾਂਗੂੰ ਨਹੀਂ ਹੋਵੇਗਾ। ਸਗੋਂ ਇਹ ਪੂਰਾ ਪੰਜਾਬੀ ਸਕੂਲ ਆਫ਼ ਸਟੱਡੀਜ਼ ਹੋਵੇਗਾ। ਉਨ੍ਹਾਂ



ਉਹਦਾ ਇਕ ਲੰਮਾ ਚੌੜਾ ਪਲਾਨ ਬਣਾ ਕੇ ਦਿੱਤਾ ਜਿਹੜਾ ਮਰਹਲਾ ਵਾਰ ਚੱਲਣਾ ਸੀ। ਇਸ ਤੋਂ ਪਹਿਲਾਂ ਨਸਾਬ ਦਾ ਇਹ ਹਾਲ ਸੀ ਕਿ ਪੰਜ ਕਿਤਾਬਾਂ ਇਹ ਲਾ ਦਿੱਤੀਆਂ, ਤਿੰਨ ਕਿਤਾਬਾਂ ਉਹ ਲਾ ਦਿੱਤੀਆਂ, ਜਿਹੜੀਆਂ ਮਰਜ਼ੀ ਉਹ ਲਾ ਦਿੱਤੀਆਂ। ਸਿਸਟੇਮੈਟਿਕ ਕੰਮ ਨਹੀਂ ਸੀ ਹੁੰਦਾ। ਨਸਾਬ ਦਾ ਆਪਣਾ ਕੋਈ ਮੁਹਾਂਦਰਾ ਨਹੀਂ ਸੀ ਬਣਦਾ ਤੇ ਇਹ ਵੀ ਕਿਸੇ ਨੂੰ ਚਿੰਤਾ ਨਹੀਂ ਸੀ ਕਿ ਜਿਹੜੇ ਕੱਲ੍ਹ ਨੂੰ ਪੰਜਾਬੀ ਵਿਚ ਐਮ. ਏ. ਕਰਕੇ ਜਾਣਗੇ ਉਨ੍ਹਾਂ ਕੋਲ ਪੰਜਾਬ ਤੇ ਪੰਜਾਬੀ ਬਾਰੇ ਕੀ ਜਾਣਕਾਰੀ ਹੋਵੇਗੀ। ਪੰਜਾਬੀ ਦੇ ਵਧਾਰੇ ਲਈ ਜਾਂ ਇਸ ਵੰਗਾਰ ਨਾਲ ਨਿਬੜਨ ਲਈ ਉਹ ਕੀ ਕੰਮ ਕਰਨਗੇ? ਇਹਦੀ ਕਿਸੇ ਨੂੰ ਫ਼ਿਕਰ ਨਹੀਂ ਸੀ। ਨਜ਼ਮ ਸਾਹਬ ਨੇ ਤਵਾਰੀਖ਼ ਦੇ ਹਵਾਲੇ ਨਾਲ ਨਸਾਬ ਤਿਆਰ ਕੀਤਾ ਸੀ। ਕਰੋਨਾਲੋਜੀਕਲ ਆਰਡਰ ਹੇਠ ਪੜ੍ਹਾਇਆ ਜਾਂਦਾ ਸੀ ਕਿ ਪਹਿਲਾਂ ਕਿਹੜਾ ਦੌਰ ਸੀ। ਉਹਦੇ ਵਿਚ ਕਿਸ ਸ਼ਾਇਰ ਨੇ ਜਨਮ ਲਿਆ, ਉਦੋਂ ਨਸਰ ਵਿਚ ਕੌਣ ਲੋਕ ਸਨ। ਫਿਰ ਉਸ ਦੌਰ ਦੇ ਇਕਤਸਾਦੀ, ਮਾਅਸ਼ਰੇਤੀ ਤੇ ਸਮਾਜੀ ਅਹਵਾਲ ਤੋਂ ਪੜ੍ਹਿਆਰਾਂ ਨੂੰ ਜਾਣੂ ਕਰਵਾਇਆ ਜਾਂਦਾ। ਇੰਝ ਉਨ੍ਹਾਂ ਨੂੰ ਕਲਾਸੀਕਲ ਸ਼ਾਇਰੀ ਦੀ ਵਧੇਰੇ ਸਮਝ ਆਉਂਦੀ ਸੀ। ਇਹਦੇ ਲਈ ਕੋਈ ਨਵੀਆਂ ਕਿਤਾਬਾਂ ਨਹੀਂ ਸਨ ਲਿਖੀਆਂ ਗਈਆਂ। ਸਗੋਂ ਇਹ ਪੜ੍ਹਾਉਣ ਵਾਲਿਆਂ ਦੀ ਜ਼ਿੰਮੇਵਾਰੀ ਸੀ ਕਿ ਉਹ ਇਹ ਨਸਾਬ ਮੁਜਬ ਮਵਾਦ ਤਿਆਰ ਕਰਨ। ਸ਼ਰੀਫ਼ ਕੁੰਜਾਹੀ ਤੇ ਅਲੀ ਅਬਾਸ ਜਲਾਲਪੁਰੀ ਪੜ੍ਹੇ ਲਿਖੇ ਲੋਕ ਸਨ। ਉਹ ਸਾਰੀਆਂ ਗੱਲਾਂ ਤੋਂ ਜਾਣੂ ਸਨ ਤੇ ਬੜੀ ਸੌਖ ਨਾਲ ਆਪਣੇ ਵਿਸ਼ਿਆਂ ਉੱਤੇ ਲੈਕਚਰ ਦਿੰਦੇ ਰਹੇ।

ਸੱਚੀ ਗੱਲ ਏ ਮੈਂ ਜਿਹੜਾ ਲੈਕਚਰ ਦਿੰਦਾ ਸਾਂ, ਉਹਦੀ ਪੂਰੀ ਤਿਆਰੀ ਕਰਕੇ ਜਾਂਦਾ ਸਾਂ। ਬਕਾਇਦਾ ਨੋਟਸ ਬਣਾ ਕੇ ਇਕ ਛੋਟੀ ਜਿਹੀ ਪਰਚੀ ਆਪਣੇ ਹੱਥ ਵਿਚ ਰੱਖਦਾ ਸਾਂ। ਮੈਂ ਉਥੇ ਪਰ ਹਿਸਟੋਰਕ ਪੀਰੀਅਡ ਤੋਂ ਲੈ ਕੇ ਮਹਿਮੂਦ ਗਜ਼ਨਵੀ ਦੇ ਆਉਣ ਤੱਕ ਦੀ ਪੰਜਾਬ ਦੀ ਤਵਾਰੀਖ਼ ਬਾਰੇ ਪੜ੍ਹਾਇਆ, ਵਾਰਾਂ ਬਾਰੇ ਪੜ੍ਹਾਇਆ, ਪੰਜਾਬੀ ਜ਼ੁਬਾਨ ਦੀ ਤਵਾਰੀਖ਼ ਤੇ ਲਸਾਨੀਅਤ ਬਾਰੇ ਪੜ੍ਹਾਇਆ। ਨਜ਼ਮ ਸਾਹਿਬ ਨੇ ਇਕ ਪਰਚੇ ਦਾ ਇਕ ਹਿੱਸਾ ਦੂਜੀਆਂ ਪਾਕਿਸਤਾਨੀ ਜ਼ੁਬਾਨਾਂ ਬਾਰੇ ਵੀ ਰੱਖਿਆ ਹੋਇਆ ਸੀ। ਪਸ਼ਤੋ ਤੇ ਬਲੋਚੀ ਪੜ੍ਹਾਉਣ ਵਾਲਾ ਤਾਂ ਕੋਈ ਬੰਦਾ ਨਾ ਲੱਭਿਆ, ਮੈਂ ਸਿੰਧੀ ਨੂੰ ਥੋੜ੍ਹਾ ਬਹੁਤ ਮੂੰਹ ਮਾਰ ਲੈਂਦਾ ਸਾਂ, ਇਸ ਲਈ ਆਪਣੇ ਪੜ੍ਹਿਆਰਾਂ ਨੂੰ ਸਿੰਧੀ ਵੀ ਪੜ੍ਹਾਈ। ਪੰਜਾਬ ਫ਼ੋਕ ਮਿਊਜ਼ਿਕ ਪੜ੍ਹਾਉਣ ਬਾਰੇ ਵੀ ਉਪਰਾਲਾ ਕੀਤਾ ਗਿਆ ਸੀ। ਪੜ੍ਹਿਆਰ ਵੀ ਉਦੋਂ ਬੜੇ ਸ਼ੌਕ ਨਾਲ ਪੜ੍ਹਦੇ ਤੇ ਮਿਹਨਤ ਕਰਦੇ ਸਨ। ਨਜ਼ਮ ਹੁਸੈਨ ਸੱਯਦ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਜਿਵੇਂ ਦਾ ਪੰਜਾਬੀ ਸਕੂਲ ਆਫ਼ ਸਟੱਡੀਜ਼ ਬਣਾਉਣਾ ਚਾਹੁੰਦੇ ਸਨ, ਡਾਕਟਰ ਕਰਨੈਲ ਸਿੰਘ ਥਿੰਦ ਉਹੋ ਸਕੀਮ ਉਨ੍ਹਾਂ ਕੋਲੋਂ ਲੈ ਗਏ। ਜਿਹਦੇ ਵਿਚ ਮਾਮੂਲੀ

ਤਬਦੀਲੀਆਂ ਕਰਕੇ ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਪੰਜਾਬੀ ਸਕੂਲ ਆਫ਼ ਸਟੱਡੀਜ਼ ਬਣਵਾ ਲਿਆ। ਪੰਜਾਬੀ ਸਕੂਲ ਆਫ਼ ਸਟੱਡੀਜ਼ ਉਂਝ ਤਾਂ ਉਸ ਯੂਨੀਵਰਸਿਟੀ ਦਾ ਹਿਸਾ ਈ ਏ ਪਰ ਉਹਦੇ ਤੋਂ ਵੱਖਰਾ ਵੀ ਏ। ਨਜਮ ਹੁਸੈਨ ਸੱਯਦ ਵਲੋਂ ਤਜਵੀਜ਼ ਕੀਤਾ ਗਿਆ ਪੜ੍ਹਾਉਣ ਦਾ ਇਹ ਤਰੀਕਾ ਦੂਜੇ ਮਜ਼ਮੂਨਾਂ ਦੀ ਪੜ੍ਹਾਈ ਨਾਲੋਂ ਬਿਲਕੁਲ ਵੱਖਰਾ ਸੀ। ਉਹਦੇ ਮੂਜਬ ਪੰਜਾਬੀ ਦੇ ਵੱਖ-ਵੱਖ ਅੰਗਾਂ ਬਾਬਤ ਵੱਖਰੇ ਤੌਰ ਖੋਜ ਕਰਵਾਈ ਜਾਣੀ ਸੀ। ਤਾਂ ਜੋ ਪੰਜਾਬੀ ਦੀ ਗੱਲ ਅੱਗੇ ਤੋਂ ਅੱਗੇ ਵਧੇ। ਇਹ ਨਹੀਂ ਕਿ ਐਮ. ਏ. ਪੰਜਾਬੀ ਕੀਤਾ, ਕਿਤੇ ਨੌਕਰੀ ਲੱਗੀ ਤੇ ਗੱਲ ਖ਼ਤਮ ਹੋ ਗਈ। ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਸ਼ੋਅਬੇ ਦੀ ਤਰੱਕੀ ਲਈ ਕੰਮ ਕਰਨ ਦੇ ਨਾਲ਼-ਨਾਲ ਨਜ਼ਮ ਹੁਸੈਨ ਸੱਯਦ ਹੁਰਾਂ ਕਾਲਜਾਂ ਵਿਚ ਪੰਜਾਬੀ ਸ਼ੋਅਬੇ ਬਣਾਉਣ ਵਿਚ ਵੀ ਬੁਨਿਆਦੀ ਕਿਰਦਾਰ ਅਦਾ ਕੀਤਾ। ਹਨੀਫ਼ ਰਾਏ ਉਸ ਵੇਲੇ ਪੰਜਾਬ ਦੇ ਵਜ਼ੀਰ-ਏ ਖਜ਼ਾਨਾ ਸੀ। ਨਜਮ ਸਾਹਬ ਉਹਨੂੰ ਮਿਲੇ ਤੇ ਕਹਿਣ ਲੱਗੇ ਇਹ ਵੇਖ ਪੰਜਾਬੀ ਲੈਕਚਰਾਰਾਂ ਦੀਆਂ ਅਸਾਮੀਆਂ ਮਨਜ਼ੂਰ ਹੋਈਆਂ ਨੇ ਤੇ ਤੂੰ ਪੈਸੇ ਕਿਉਂ ਨਹੀਂ ਦਿੰਦਾ ਕਿ ਲੈਕਚਰਰ ਭਰਤੀ ਕੀਤੇ ਜਾ ਸਕਣ। ਹਨੀਫ਼ ਰਾਏ ਕਹਿਣ ਲੱਗਾ ਕਿ ਸੈਕਟਰੀ ਐਜੂਕੇਸ਼ਨ ਇਹ ਲਿਖਕੇ ਘੱਲ ਦੇਵੇ ਕਿ ਅਸੀਂ ਆਪਣੇ ਕਾਲਜਾਂ ਵਿਚ ਪੰਜਾਬੀ ਦੇ ਐਨੇ ਲੈਕਚਰਰ ਮੁਕੱਰਰ ਕਰਨੇ ਨੇ ਤੇ ਮੈਂ ਉਸੇ ਵੇਲੇ ਈ ਪੈਸੇ ਰਿਲੀਜ਼ ਕਰ ਦਿਆਂਗਾ। ਨਜ਼ਮ ਸਾਹਿਬ ਸੈਕਟਰੀ ਐਜੂਕੇਸ਼ਨ ਨੂੰ ਮਿਲੇ, ਉਹ ਉਹਨਾਂ ਦਾ ਦੋਸਤ ਸੀ। ਹਾਲਾਂ ਉਹ ਉਰਦੂ ਸਪੀਕਿੰਗ ਸੀ ਪਰ ਉਹਨੇ ਕਿਹਾ ਗੱਲ ਈ ਕੋਈ ਨਹੀਂ..... ਤੇ ਉਹਨੇ ਸਤਾਰਾਂ ਅਠਾਰਾਂ ਅਸਾਮੀਆਂ ਦੀ ਚਿੱਠੀ ਬਣਾ ਕੇ ਘੱਲ ਦਿੱਤੀ। ਹਨੀਫ ਰਾਏ ਨੇ ਉਹਦੀ ਮਨਜ਼ੂਰੀ ਦੇ ਦਿੱਤੀ। ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਦਿੱਤਾ ਗਿਆ ਤੇ ਪੰਜਾਬੀ ਲੈਕਚਰਰ ਭਰਤੀ ਹੋ ਗਏ।

ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਸ਼ੋਅਬੇ ਵਿਚ ਪੜ੍ਹਾਉਂਦਿਆਂ ਚਾਰ ਸਾਲ ਹੋ ਗਏ ਸਨ। 1977 ਵਿਚ ਜ਼ੁਲਫਕਾਰ ਅਲੀ ਭੁੱਟੇ ਨੂੰ ਤਖ਼ਤ ਤੋਂ ਲਾਹ ਕੇ ਤਖ਼ਤੇ ਤੇ ਚਾੜ੍ਹਨ ਲਈ ਜਨਰਲ ਜ਼ੀਆਉਲ ਹੱਕ ਆ ਗਿਆ ਸੀ। ਜਮਾਤ-ਏ ਇਸਲਾਮੀ, ਫੌਜੀ ਡਿਕਟੇਟਰ ਦੀ ਬੀ ਟੀਮ ਬਣੀ ਹੋਈ ਸੀ। ਪੰਜਾਬ ਯੂਨੀਵਰਸਿਟੀ ਵਿਚ ਅਗਾਂਹਵਧੂ ਵਿਚਾਰਾਂ ਵਾਲੇ ਪੜ੍ਹਿਆਰਾਂ ਦੀ ਮਾਰ ਕੁੱਟ ਹੋਣਾ ਰੋਜ਼ ਦਾ ਕੰਮ ਬਣ ਗਿਆ ਸੀ। ਉਸਤਾਦਾਂ ਨੂੰ ਵੀ ਤੰਗ ਕੀਤਾ ਜਾਂਦਾ ਸੀ। ਇਕ ਦਿਨ ਓਰੀਐਂਟਲ ਕਾਲਜ ਵਿਚ ਯੂਨੀਵਰਸਿਟੀ ਦੇ ਪੰਜਾਬੀ ਸ਼ੋਅਬੇ ਅੱਗੇ ਬੇਤਹਾਸ਼ਾ ਗੋਲੀਆਂ ਚੱਲੀਆਂ।

ਨਜ਼ਮ ਹੁਸੈਨ ਸੱਯਦ ਹੁਰਾਂ ਪੰਜਾਬੀ ਸਕੂਲ ਆਫ਼ ਸਟੱਡੀਜ਼ ਬਣਾਉਣ ਲਈ ਜਿਹੜਾ ਕੇਸ ਵਾਈਸ ਚਾਂਸਲਰ ਨੂੰ ਭੇਜਿਆ ਸੀ ਉਹ ਉਹਨੇ ਸੈਕਟਰੀ ਐਜੂਕੇਸ਼ਨ ਪੰਜਾਬ ਨੂੰ ਰੈਫ਼ਰ ਕਰ ਦਿੱਤਾ, ਹਾਲਾਂ ਇਹਦੇ ਨਾਲ ਉਹਦਾ ਕੋਈ ਤਾਅੱਲਕ ਈ ਨਹੀਂ ਸੀ ਬਣਦਾ। ਇਕ



ਦਿਨ ਸੈਕਟਰੀ ਐਜੂਕੇਸ਼ਨ ਨੇ ਇਸ ਮਸਲੇ ਉੱਤੇ ਵਿਚਾਰ ਸਾਂਝੇ ਕਰਨ ਲਈ ਨਜ਼ਮ ਸਾਹਿਬ ਨੂੰ ਬੁਲਾ ਲਿਆ। ਸਾਡਾ ਇਕ ਦੋਸਤ ਮਹਿਮੂਦ ਅਹਿਮਦ ਨਾਜ਼ਰ ਉਸ ਵੇਲੇ ਮਹਿਕਮਾ ਐਜੂਕੇਸ਼ਨ ਵਿਚ ਸੈਕਸ਼ਨ ਆਫੀਸਰ ਸੀ। ਉਹ ਨਜਮ ਸਾਹਬ ਦਾ ਬਹੁਤ ਮੱਦਾਹ ਸੀ। ਉਹਨੇ ਕਿਧਰੇ ਨਜ਼ਮ ਸਾਹਿਬ ਨੂੰ ਸੈਕਟਰੀ ਐਜੂਕੇਸ਼ਨ ਦੇ ਦਫ਼ਤਰ ਵਿਚ ਖਲੋਤੇ ਵੇਖ ਕੇ ਪੁੱਛਿਆ ਕਿ ਕਿਵੇਂ ਆਏ ਹੋ? ਉਹਨਾਂ ਦੱਸਿਆ ਤਾਂ ਉਹ ਆਖਣ ਲੱਗਾ ਕਿ ਤੁਸੀਂ ਸੈਕਟਰੀ ਐਜੂਕੇਸ਼ਨ ਨੂੰ ਨਾ ਮਿਲੋ। ਡਾਕਟਰ ਵਹੀਦ ਕੁਰੈਸ਼ੀ ਹੁਣੇ ਹੁਣੇ ਈ ਉਹਨੂੰ ਮਿਲ ਕੇ ਗਏ ਨੇ ਤੇ ਮੈਨੂੰ ਪਤਾ ਏ ਕਿ ਉਹ ਉਹਨੂੰ ਕੀ-ਕੀ ਕਹਿ ਕੇ ਗਏ ਨੇ। ਨਜ਼ਮ ਸਾਹਿਬ ਬਗ਼ੈਰ ਮਿਲਿਆਂ ਈ ਸੈਕਟਰੀ ਐਜੂਕੇਸ਼ਨ ਦੇ ਦਫ਼ਤਰੋਂ ਪਰਤ ਆਏ। ਉਨ੍ਹਾਂ ਯੂਨੀਵਰਸਿਟੀ ਨੂੰ ਲਿਖ ਦਿੱਤਾ ਕਿ ਮੈਂ ਜਦੋਂ ਆਇਆ ਸਾਂ ਮੇਰੀ ਸਭ ਤੋਂ ਪਹਿਲੀ ਮੰਗ ਇਹ ਸੀ ਕਿ ਇਥੇ ਪੰਜਾਬੀ ਸਕੂਲ ਆਫ਼ ਸਟੱਡੀਜ਼ ਬਣਾਇਆ ਜਾਵੇ, ਜੇ ਤੁਸੀਂ ਇਹ ਨਹੀਂ ਬਣਾਉਣਾ ਤਾਂ ਮੈਨੂੰ ਇਥੋਂ ਫਾਰਗ ਕਰ ਦਿਉ। ਨਾਲੇ ਉਨ੍ਹਾਂ ਦੇ ਮਹਿਕਮੇ ਨੇ ਵੀ ਵਾਪਸੀ ਲਈ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਇੰਝ ਉਹ ਵਾਪਿਸ ਏ. ਜੀ. ਆਫ਼ਿਸ ਨੂੰ ਚਲੇ ਗਏ। ਉਨ੍ਹਾਂ ਦੀ ਥਾਂ ਡਾਕਟਰ ਵਹੀਦ ਕੁਰੈਸ਼ੀ ਪੰਜਾਬੀ ਸ਼ੋਅਬੇ ਦੇ ਹੈੱਡ ਬਣ ਗਏ। ਨਜ਼ਮ ਸਾਹਿਬ ਦੇ ਪਿੱਛੇ-ਪਿੱਛੇ ਈ ਸ਼ਰੀਫ਼ ਕੁੰਜਾਹੀ ਤੇ ਅਲੀ ਅਬਾਸ ਜਲਾਲਪੁਰੀ ਵੀ ਪੰਜਾਬੀ ਸ਼ੋਅਬੇ ਨੂੰ ਛੱਡ ਕੇ ਟੁਰ ਗਏ ਸਨ। ਉਸ ਢਾਣੀ ਵਿਚੋਂ ਮੈਂ ਹੁਣ ਉੱਥੇ ਇਕੱਲਾ ਹੀ ਰਹਿ ਗਿਆ ਸਾਂ। ਡਾਕਟਰ ਵਹੀਦ ਕੁਰੈਸ਼ੀ ਦੇ ਨਾਲ ਹੀ ਅਖ਼ਤਰ ਜਾਫ਼ਰੀ ਤੇ ਸ਼ਹਿਬਾਜ਼ ਮਲਿਕ ਵੀ ਆ ਗਏ ਸਨ। ਡਾਕਟਰ ਵਹੀਦ ਕੁਰੈਸ਼ੀ ਨੇ ਮੀਟਿੰਗ ਸੱਦੀ ਤੇ ਅਸੀਂ ਉਥੇ ਗਏ। ਪਹਿਲੀ ਮੀਟਿੰਗ ਵਿਚ ਹੀ ਉਹ ਆਖਣ ਲੱਗੇ, "ਵੇਖਿਆ ਏ ਤੁਸੀਂ.... ਏਸਰਾਂ ਕੰਡਾ ਕੱਢ ਦਿੱਤਾ ਏ.... ਬੜਾ ਬਣਿਆ ਫਿਰਦਾ ਸੀ ਪੰਜਾਬੀ।'

ਨਜ਼ਮ ਹੁਸੈਨ ਦੇ ਖਿਲਾਫ਼ ਹੋਈ ਇਹ ਗੱਲ ਮੈਥੋਂ ਜ਼ਰੀ ਨਾ ਗਈ ਤੇ ਮੈਂ ਕਿਹਾ, "ਇਹ ਜਿਹੜੇ ਬੰਦੇ ਬੈਠੇ ਆ, ਇਨ੍ਹਾਂ ਨੂੰ ਤੇ ਸਾਰੀ ਗੱਲ ਦਾ ਪਤਾ ਨਹੀਂ, ਮੈਨੂੰ ਵਿਚਲੀ ਗੱਲ ਦਾ ਪਤਾ ਏ ਕਿ ਨਜ਼ਮ ਸਾਹਿਬ ਕਿਵੇਂ ਗਏ ਨੇ ਤੇ ਕਿਉਂ ਗਏ ਨੇ?"

ਡਾਕਟਰ ਵਹੀਦ ਕੁਰੈਸ਼ੀ ਕਾਹਲੀ ਨਾਲ ਕਹਿਣ ਲੱਗੇ, "ਅੱਛਾ, ਅੱਛਾ ਠੀਕ ਏ। ਤੁਹਾਡੇ ਨਾਲ ਇਸ ਬਾਰੇ ਬਾਅਦ ਵਿਚ ਗੱਲ ਕਰਾਂਗਾ।" ਮੈਂ ਮੀਟਿੰਗ ਵਿਚੋਂ ਉੱਠ ਕੇ ਆ ਗਿਆ। ਅਗਲੇ ਦਿਨ ਮੈਂ ਵੀ ਯੂਨੀਵਰਸਿਟੀ ਵੱਲ ਨਾ ਗਿਆ। •

**ਲਿਪੀਅੰਤਰ - ਪਾਲ ਸਿੰਘ ਵੱਲਾ**

# ਬੁੱਢਾ ਬਲਦ

- ਪ੍ਰੀਤ ਨੀਤਪੁਰ

"ਯਾਰ, ਆਇਓ ਮਾੜਾ ਜਿਹਾ, ਬਲਦ ਉਠਾਉਣੈਂ।" ਚੰਨਣ ਸਿਉਂ ਦਾ ਇਹ ਦੂਜਾ ਗੇੜਾ ਸੀ।

"ਚੱਲ ਤੂੰ, ਅਸੀਂ ਆਏ ਤੇਰੇ ਮਗਰੇ.....।" ਸੱਥ 'ਚ ਬੈਠੇ ਤਾਸ਼ ਖੇਡਦੇ ਵਿਹਲੜਾਂ ਵਲੋਂ ਪਹਿਲਾਂ ਵਾਲਾ ਹੀ ਘੜਿਆ-ਘੜਾਇਆ ਜਵਾਬ ਸੁਣਕੇ, ਚੰਨਣ ਸਿਉਂ ਘਰ ਨੂੰ ਮੁੜ ਪਿਆ ਸੀ।

ਇਹ ਉਦੋਂ ਦੀਆਂ ਗੱਲਾਂ, ਜਦੋਂ ਕਿਸੇ ਕੋਲ ਟਰੈਕਟਰ ਨਹੀਂ ਸੀ ਹੁੰਦਾ। ਸਗੋਂ ਸਭ ਤਕੜੇ-ਮਾੜੇ ਜ਼ਿਮੀਦਾਰ ਬਲਦਾਂ ਨਾਲ ਹੀ ਖੇਤੀ ਕਰਦੇ ਸਨ।

ਚੰਨਣ ਸਿਉਂ ਨੇ ਨ੍ਹਾਰੇ ਬਲਦ ਦੀ ਪੰਦਰਾਂ-ਸੋਲ੍ਹਾਂ ਸਾਲ ਕਮਾਈ ਖਾਧੀ ਸੀ। ਦੱਬ ਕੇ ਵਾਹਿਆ ਸੀ ਨ੍ਹਾਰਾ ਉਹਨੇ। ਪਰ ਹੁਣ ਨ੍ਹਾਰਾ ਬੁੱਢਾ ਹੋ ਗਿਆ ਸੀ। ਜਮ੍ਹਾਂ ਈ ਹਾਰ ਗਿਆ ਸੀ। ਖੁੱਭੇ ਗੱਡੇ ਕੱਢਣ ਵਾਲੇ ਤੇ ਪਿੰਡੇ 'ਤੇ ਛਾਂਟ ਨਾ ਝੱਲਣ ਵਾਲੇ ਨ੍ਹਾਰੇ ਤੋਂ ਹੁਣ ਆਪਣੇ-ਆਪ ਉੱਠਿਆ ਨਹੀਂ ਸੀ ਜਾਂਦਾ। ਸਵੇਰੇ ਤੇ ਆਥਣੇ ਜਿਹੇ ਨ੍ਹਾਰੇ ਨੂੰ ਉਠਾਉਣ ਲਈ ਚੰਨਣ ਸਿਉਂ ਨੂੰ ਲੋਕਾਂ ਦੀ ਮਿੰਨਤ ਕਰਨੀ ਪੈਂਦੀ ਸੀ। ਪਰ ਲੋਕ.........?

"ਲੋਕ ਬੜੇ ਨਿਰਮੋਏ ਹੋ ਗਏ ਨ੍ਹਾਰਿਆ।" ਨ੍ਹਾਰੇ ਬਲਦ ਦੇ ਪਿੰਡੇ ਤੇ ਹੱਥ ਫੇਰਦਿਆਂ, ਚੰਨਣ ਸਿਉਂ ਨੇ ਭਰੇ ਮਨ ਨਾਲ ਕਿਹਾ, 'ਕਦੇ ਇਹੋ ਲੋਕ ਤੈਨੂੰ ਸੁਹਾਗੇ ਜੁੜੇ ਨੂੰ ਵੇਖਣ ਆਉਂਦੇ ਹੁੰਦੇ ਸੀ। ਤੇ ਅੱਜ.....? ਅੱਜ ਤੇਰੇ ਬੁੱਢੇ ਸਰੀਰ ਨੂੰ ਕੋਈ ਹੱਥ ਲਾ ਕੇ ਰਾਜ਼ੀ ਨਹੀਂ। ਸਾਲਾ 'ਬੁਢਾਪਾ' ਵੀ ਬੜੀ ਮਾੜੀ ਸ਼ੈਅ ਆ, ਨ੍ਹਾਰਿਆ।' ਚੰਨਣ ਸਿਉਂ ਜਿਵੇਂ ਬੁੱਢੇ ਬਲਦ ਨਾਲ ਗੱਲਾਂ ਕਰ ਰਿਹਾ ਸੀ।

ਨ੍ਹਾਰਾ ਉੱਠਣ ਲਈ ਅਹੁਲਿਆ। ਜਿਵੇਂ ਉਹਨੂੰ ਵੀ ਬੁਢਾਪੇ ਨਾਲ ਚਿੜ ਹੋਵੇ। ਪਰ ਨਹੀਂ, ਉੱਠ ਨਹੀਂ ਸਕਿਆ ਨ੍ਹਾਰਾ। ਜਮ੍ਹਾਂ ਹੰਭ ਗਿਆ ਸੀ ਵਿਚਾਰਾ।

ਬੁੱਢੇ ਨ੍ਹਾਰੇ ਨੇ ਅੰਦਰ ਨੂੰ ਧਸ ਗਈਆਂ, ਪਾਣੀ ਨਾਲ ਭਰੀਆਂ ਅੱਖਾਂ ਨਾਲ, ਆਪਣੇ ਮਾਲਕ ਚੰਨਣ ਸਿਉਂ ਕੰਨੀਂ ਵੇਖਿਆ। ਚੰਨਣ ਸਿਉਂ ਨੂੰ ਸੱਚੀ ਇਉਂ ਲੱਗਾ, ਜਿਵੇਂ ਨ੍ਹਾਰੇ ਦੀਆਂ ਅੱਖਾਂ, ਉਹਨੂੰ ਕਹਿ ਰਹੀਆਂ ਹੋਣ .....

"ਚੰਨਣ ਸਿਆਂ, ਮੈਂ ਤੇਰੀ 'ਛਾਂਟ' ਆਪਣੇ ਪਿੰਡੇ ਤੇ ਕਦੇ ਨਹੀਂ ਸੀ ਲੱਗਣ ਦਿੱਤੀ। ਬਸ, ਤੇਰੀ ਇਕੋ ਚਟਕਾਰੀ ਨਾਲ ਮੈਂ ਹਵਾ ਨੂੰ ਗੰਢਾਂ ਦੇ ਜਾਂਦਾ ਹੁੰਦਾ ਸੀ। ਤੇ ਰੋਹੀ ਦੇ ਹਿਰਨ ਵਾਂਗੂੰ ਚੁੰਗੀਆਂ ਭਰਦਾ ਹੁੰਦਾ ਸੀ। ਤੇ ਮੇਰੇ ਗਲ ਪਾਈਆਂ 'ਘੁੰਗਰਾਲਾਂ' ਦਾ ਸੰਗੀਤ, ਤੇਰੇ ਕੰਨਾਂ ਵਿਚ ਮਿਸ਼ਰੀ ਘੋਲਦਾ ਹੁੰਦਾ ਸੀ। ਤੇ ਤੈਨੂੰ ਨਸ਼ਾ ਜਿਹਾ ਚੜ੍ਹ ਜਾਂਦਾ



ਹੁੰਦਾ ਸੀ ਤੇ ਤੂੰ ਲਾਡ, ਮੋਹ ਤੇ ਮਾਣ ਜਿਹੇ ਨਾਲ 'ਪੁਰੈਣੀ' ਹਵਾ 'ਚ ਲਹਿਰਾਉਂਦਾ ਕਹਿੰਦਾ ਹੁੰਦਾ ਸੀ, 'ਬੱਲੇ ਉਏ ਨ੍ਹਾਰਿਆ, ਨਹੀਂ ਰੀਸਾਂ ਤੇਰੀਆਂ। ਸੱਚੀਂ ਚੰਨਣ ਸਿਆਂ, ਜਵਾਨੀ ਦੀਆਂ ਰੀਸਾਂ ਨਹੀਂ ਹੁੰਦੀਆਂ।'

... ਤੇ ਤੈਨੂੰ ਚੇਤਾ ਹੋਣੈ, ਚੰਨਣ ਸਿਆਂ। ਕੇਰਾਂ, ਮੇਜਰ ਬਰਾੜ ਕਾ ਗੰਨਿਆਂ ਦਾ ਭਰਿਆ ਗੱਡਾ ਵਾਹੇ 'ਵਾਹਣ' ਵਿਚ ਅੜ ਗਿਆ ਸੀ। ਭਾਵੇਂ ਮੇਜਰ ਕੇ ਆਪਣੇ ਬਲਦ ਵੀ ਤਕੜੇ ਸੀ। ਪਰ ਉਹ ਅੜਿਆ ਖੁੱਭਿਆ ਗੱਡਾ ਨਹੀਂ ਸੀ ਕੱਢ ਸਕੇ। ਤੇ ਫਿਰ ਹਾਰ ਕੇ ਮੇਜਰ ਤੇਰੇ ਕੋਲ ਆਇਆ ਸੀ। ਊਂ ਮੇਜਰ ਨਾਲ ਤੇਰਾ ਬਾਹਲਾ ਸੂਤ ਨਹੀਂ ਸੀ। ਪਿਛਲੀਆਂ ਚੋਣਾਂ 'ਚ ਤੇਰੀ ਤੇ ਮੇਜਰ ਦੀ ਤੂੰ-ਤੂੰ, ਮੈਂ-ਮੈਂ ਹੋ ਗਈ ਸੀ। ਇਹ ਚੰਦਰੀਆਂ ਚੋਣਾਂ/ ਵੋਟਾਂ ਨੇ ਵੀ ਪਿੰਡਾਂ 'ਚ ਬਾਹਲੇ ਪੁਆੜੇ ਪਾਏ ਵੇ ਆ। ਲੀਡਰ ਲੋਕ ਅਕਸਰ ਥੋਨੂੰ ਧਰਮ-ਮਜ਼ਬ ਤੇ ਜਾਤ-ਪਾਤ ਦੇ ਨਾਂ ਤੇ ਲੜਾ ਕੇ ਆਪਣਾ ਉੱਲੂ ਸਿੱਧਾ ਕਰਦੇ ਹਨ। ਪਰ ਪੇਂਡੂ ਲੋਕ ਕਿੰਨੇ ਚੰਗੇ ਤੇ ਸਾਊ ਜੇ। ਨਿੱਕੀਆਂ-ਮੋਟੀਆਂ ਗੱਲਾਂ ਨੂੰ ਬਾਹਲਾ ਚਿਰ ਢਿੱਡ 'ਚ ਨਹੀਂ ਰੱਖਦੇ। ਸਗੋਂ ਛੇਤੀ ਹੀ ਭੁਲਾ ਦਿੰਦੇ ਓ। ਤੇ ਇਕ-ਦੂਜੇ ਦੇ ਦੁੱਖਦੇ-ਸੁੱਖਦੇ ਕੰਮ ਆਉਣਾ, ਆਪਣਾ 'ਧੰਨ-ਭਾਗ' ਸਮਝਦੇ ਓ। ਸ਼ਾਬਾਸ਼ ਥੋਡੇ.....।

ਤੇ ਤੈਨੂੰ ਯਾਦ ਹੋਣੈ, ਮੇਜਰ ਨੇ ਮਲਵੀਂ ਜਿਹੀ ਆਵਾਜ਼ 'ਚ ਕਿਹਾ ਸੀ।

"ਬਾਈ ਸਾਡਾ ਗੱਡਾ ਖੁੱਭ ਗਿਆ।"

"ਤੇ ਫਿਰ ਮੈਂ ਕੀ ਕਰਾਂ? ਤੂੰ ਮੁੱਛਾਂ 'ਚ ਹੱਸਿਆ ਸੀ।

"ਬਾਈ, ਨ੍ਹਾਰੇ ਬਿਨਾਂ ਗੱਡਾ ਨਹੀਂ ਨਿਕਲਣਾ।" ਮੇਜਰ ਨੇ ਆਪਣੇ ਆਉਣ ਦਾ ਮਕਸਦ ਦੱਸਿਆ ਸੀ।

"ਯਾਰ, ਅਸੀਂ ਤਾਂ ਰਾਤ ਰੂੜੀ (ਫੇਰ) ਪਾਉਂਦੇ ਰਹੇ ਆਂ, ਨ੍ਹਾਰਾ ਤਾਂ ਉਈਂ ਥੱਕਿਆ ਖੜੈ। ਤੁਸੀਂ ਗੁਰਲਾਲ ਕਿਆਂ ਆਲਾ 'ਮੀਣਾ' ਜੋੜ ਲੈਣਾ ਸੀ। ਤੂੰ ਉਤਲੇ ਮਨੋਂ ਮੇਜਰ ਨੂੰ ਟਾਲਾ ਜਿਹਾ ਮਾਰਿਆ ਸੀ। ਪਰ ਦਿਲੋਂ ਤੂੰ ਮੇਰੇ 'ਜੌਹਰ' ਵੇਖਣੇ ਤੇ ਵਿਖਾਉਣੇ ਚਾਹੁੰਦਾ ਸੀ। ਤੇ ਨਾਲੇ ਮੇਜਰ ਸਿਰ ਅਹਿਸਾਨ ਕਰਨਾ ਚਾਹੁੰਦਾ ਸੀ।

'ਬਾਈ, ਗੁਰਲਾਲ ਕਿਆਂ ਆਲਾ ਮੀਣਾ ਤੇ ਜੰਟੇ ਆਲਾ 'ਲਾਖਾ' ਵੀ ਜੋੜੇ ਸੀ। ਮੇਜਰ ਨੇ ਪੂਰੀ ਗੱਲ ਦੱਸੀ, ਪਰ ਕਦੇ ਮੀਣਾ, ਲਾਖੇ ਨੂੰ ਧੱਕ ਕੇ ਲੈ ਜਾਂਦੈ, ਕਦੇ ਲਾਖਾ ਮੀਣੇ ਨੂੰ। ਰਲਕੇ ਜ਼ੋਰ ਨਹੀਂ ਲਾਉਂਦੇ ਬਾਈ....। ਮੇਜਰ ਰੋਣਹਾਕਾ ਹੋਇਆ ਖੜ੍ਹਾ ਸੀ।

'ਰਲਕੇ ਜ਼ੋਰ ਲਾਉਣ 'ਚ ਸਵਾਦ ਈ ਕੁਝ ਹੋਰ ਹੁੰਦੈ।" ਤੂੰ ਗੰਭੀਰ ਸੁਰ 'ਚ ਕਿਹਾ ਸੀ, "ਪਸ਼ੂਆਂ ਨੇ ਵੀ ਬੰਦਿਆਂ ਤੋਂ ਸਿੱਖ ਲਿਆ, ਜਦੋਂ ਚਿੱਤ ਕਰੇ, ਮਾੜੇ ਨੂੰ ਵਆਲ (ਘੇਰ) ਕੇ ਖਲੋ ਜੋ.....। ਦੁਨੀਆਂ ਮੰਨਦੀ ਜ਼ੋਰਾਂ ਨੂੰ, ਕੋਈ ਨਾ ਪੁੱਛੇ ਕਮਜ਼ੋਰਾਂ ਨੂੰ ...। ਤੂੰ ਕਹਾਵਤ ਜਿਹੀ ਸੁਣਾ ਕੇ ਸਿਰ 'ਤੇ ਸਾਫ਼ਾ ਲਪੇਟਦਾ ਉੱਠ ਖੜੋਤਾ ਸੀ।

"ਨ੍ਹਾਰਿਆ, ਅੱਜ ਲਾਜ ਰੱਖੀਂ ਜੱਟ ਦੀ...।" ਤੂੰ ਮੇਰਾ ਰੱਸਾ ਖੋਲ੍ਹਦਿਆਂ ਕਿਹਾ ਸੀ।

ਤੇ ਮੈਂ 'ਨੱਥ' ਤੁੜਾਉਂਦਾ ਤੇਰੇ ਅੱਗੇ ਹੋ ਤੁਰਿਆ ਸੀ।

ਤੇ ਤੂੰ ਮੇਰੇ ਮਗਰ ਪੱਬਾਂ ਭਾਰ ਹੋ ਕੇ ਤੁਰਦਾ, ਮੋਹ ਤੇ ਮਾਣ ਜਿਹੇ ਨਾਲ ਬੋਲਿਆ ਸੀ

"ਪੁੱਤ ਹੌਲੀ...। ਤੇਰੀਆਂ ਵੱਖੀਆਂ ਚੜ੍ਹ ਗਈਆਂ ਸਨ। ਪਰ ਮੈਨੂੰ ਹੌਲੀ ਤੁਰਨਾ ਹੀ ਨਹੀਂ ਸੀ ਆਉਂਦਾ। ਮੈਂ ਨੱਥ ਦੀ ਪੀੜ ਵੀ ਕਦੇ ਨਹੀਂ ਸੀ ਮੰਨੀ। ਚੰਨਣ ਸਿਆਂ, ਜਵਾਨੀ ਦੀ ਗੱਲ ਈ ਕੁਝ ਹੋਰ ਹੁੰਦੀ ਆ।

ਮੇਜਰ ਦਮਕੜੇ ਸਾਡੇ ਪਿੱਛੇ ਤੁਰਿਆ ਆਉਂਦਾ ਸੀ। ਉਹਤੋਂ ਸਾਡੇ ਨਾਲ ਨਹੀਂ ਸੀ ਰਲਿਆ ਜਾਂਦਾ।

ਤੇ ਫਿਰ ਗੱਡੇ ਮੂਹਰੇ ਜੋੜਿਆ ਮੈਨੂੰ ਤੇ ਸਰਪੰਚਾਂ ਵਾਲੇ 'ਚੱਪੇ' ਨੂੰ। ਚੱਪਾ ਵੀ ਪਿੰਡ 'ਚ ਕਹਿੰਦਾ ਕਹਾਉਂਦਾ ਸੀ।

ਮੈਂ ਤੇ ਚੱਪੇ ਨੇ ਅੱਖਾਂ 'ਚ ਅੱਖਾਂ ਪਾ ਕੇ, ਇਕ ਦੂਜੇ ਨੂੰ ਕਿਹਾ, "ਮਿੱਤਰਾ, ਰਲਕੇ ਜ਼ੋਰ ਲਾਉਣੈਂ....। ਵੈਸੇ ਅਸੀਂ ਪਸ਼ੂਆਂ ਨੇ ਮਨੁੱਖਾਂ ਵਾਂਗ ਇਕ ਦੂਜੇ ਨੂੰ ਨੀਵਾਂ ਵਿਖਾਉਣ ਬਾਰੇ ਕਦੇ ਸੋਚਿਆ ਤੱਕ ਨਹੀਂ। ਅਜਿਹੀਆਂ ਘਤਿਤਾਂ ਤਾਂ ਬੰਦੇ ਹੀ ਕਰਦੇ ਆ।

ਤੂੰ ਪੁਚਕਾਰ ਕੇ ਸਾਨੂੰ 'ਜੋਤਾਂ' ਲਾਈਆਂ। ਲੋਕ ਸਾਹ ਰੋਕੀ ਤਮਾਸ਼ਾ ਵੇਖ ਰਹੇ ਸਨ। 'ਪੱਟ' ਤੇ ਬਹਿੰਦਿਆਂ ਤੂੰ ਲਲਕਾਰਾ ਮਾਰਿਆ ਸੀ। ਅਸੀਂ ਨਿਉਂ ਕੇ, ਰਲਕੇ ਜ਼ੋਰ ਲਾਇਆ। ਤੇ ਵਿੱਢ ਵਾਲਾ ਗੰਨਿਆਂ ਦਾ ਭਰਿਆ ਗੱਡਾ ਪਹਿਲੇ ਹੱਲੇ ਹੀ ਪਹੇ ਚੜ੍ਹਾ-ਤਾ। ਲੋਕਾਂ ਨੇ ਖ਼ੂਬ ਤਾੜੀਆਂ ਮਾਰੀਆਂ।

ਤੇ ਭੀੜ ਚੋਂ ਅਵਾਜਾਂ ਆ ਰਹੀਆਂ ਸਨ।

"ਐਂ ਪਤਾ ਲੱਗਦੈ, ਖ਼ੁਰਾਕਾਂ ਚਾਰੀਆਂ ਦਾ।"

"ਨਹੀਂ ਰੀਸਾਂ ਨ੍ਹਾਰੇ ਦੀਆਂ....।"

ਤੇ ਚੰਨਣ ਸਿਆਂ ਅੱਜ.....? ਅੱਜ ਉਹੀ ਲੋਕ ਜੋ ਜਵਾਨੀ ਵੇਲੇ ਮੇਰੀਆਂ ਸਿਫਤਾਂ ਕਰਦੇ ਨਹੀਂ ਸੀ ਥੱਕਦੇ, ਅੱਜ ਤੇਰੇ ਬਾਰ-ਬਾਰ ਕਹਿਣ ਤੇ ਵੀ ਮੈਨੂੰ 'ਸਹਾਰਾ' ਦੇ ਕੇ ਖੜ੍ਹਾ ਨਹੀਂ ਕਰਨਾ ਚਾਹੁੰਦੇ। ਇਹ ਭਾਈ ਸਮੇਂ-ਸਮੇਂ ਦੀਆਂ ਬਾਤਾਂ ਤੇ ਨਾਲੇ ਭਾਈ ਚੰਨਣ ਸਿਆਂ, ਬੁੱਢੇ ਮਨੁੱਖ ਤੇ ਬੁੱਢੇ ਪਸ਼ੂ ਦੀ ਇਹੋ ਜਿਹੀ ਹੁੰਦੀ ਆ। ਬੁਢਾਪੇ ਵਰਗਾ ਕੋਈ 'ਨਰਕ' ਨਹੀਂ।

ਇਹ ਸਭ ਕੁਝ ਚਿਤਵ ਕੇ ਚੰਨਣ ਸਿਉਂ ਦਾ ਮਨ ਭਰ ਜਿਹਾ ਆਇਆ ਸੀ। ਉਹ ਨ੍ਹਾਰੇ ਦੀ ਤਕਲੀਫ ਨੂੰ ਸਮਝਦਾ ਸੀ। ਪਰ ਕਰ ਕੁਝ ਨਹੀਂ ਸੀ ਸਕਦਾ।

ਬੁੱਢੇ ਨ੍ਹਾਰੇ ਨੇ ਉੱਠਣ ਲਈ ਫਿਰ 'ਧੁਰਲੀ' ਜਿਹੀ ਮਾਰੀ।

ਨ੍ਹਾਰੇ ਦੀ ਉੱਠਣ ਦੀ ਤਾਂਘ ਨੂੰ ਤਾੜਦਿਆਂ ਚੰਨਣ ਸਿਉਂ ਨੇ ਕਿਹਾ ਸੀ।



"ਕਮਲਿਆ, ਕਿਉਂ ਐਵੇਂ ਜ਼ੋਰ ਲਾਉਨੈਂ।"

ਤੇ ਫਿਰ ਉਹ ਸਿਰ 'ਤੇ ਸਾਫਾ ਲਪੇਟਦਾ ਹੋਇਆ ਬਾਹਰ ਨੂੰ ਤੁਰ ਗਿਆ ਸੀ।

ਚੰਨਣ ਸਿਉਂ ਸੱਥ 'ਚ ਬੋਹਲ਼ ਥੱਲੇ, ਤਖਤਪੋਸ਼ 'ਤੇ ਇਕੱਲੇ ਬੈਠੇ ਜਗਤੇ ਕੁੱਬੇ ਨੂੰ ਵੇਖਕੇ ਨਿਰਾਸ਼ ਜਿਹਾ ਹੋ ਗਿਆ ਸੀ।

"ਖਵਨੀ ਕਿੱਧਰ ਨੂੰ ਤੁਰ ਗਏ ਸਾਰੇ .........?" ਉਹ ਬੁੜਬੁੜਾਇਆ।

ਤੇ ਫਿਰ ਉਹ ਜਗਤੇ ਕੁੱਬੇ ਦੇ ਨੇੜੇ ਹੋ ਕੇ ਬੋਲਿਆ।

"ਜਗਤ ਸਿਆਂ, ਬਾਕੀ ਲਾਣਾ ਕਿੱਧਰ ਨੂੰ ਤੁਰ ਗਿਆ?"

"ਹੈਂ....। ਜਗਤ ਸਿਉਂ ਨੂੰ ਉੱਚਾ ਸੁਣਦਾ ਸੀ, "ਮਾਖਿਆ ਹੋਰ ਕੀ ਕਰੀਏ, ਮਹਾਤੜਾਂ ਨੇ ਇਥੇ ਹੀ ਬਹਿਣਾ। ਮੁੰਡੇ ਉੂੰ-ਨ੍ਹੀਂ ਸਿੱਧੇ ਮੂੰਹ ਬੋਲਦੇ। ਨੂੰਹਾਂ ਅੱਡ ਕੁੱਤੇ-ਖ਼ਾਣੀ ਕਰਦੀਆਂ। ਅਖੇ, ਬੁੜਾ ਖਊਂ-ਖਊਂ ਕਰਦਾ ਰਹਿੰਦੈ। ਬਾਈ ਸਿਆਂ, ਬੁੱਢੇ ਬੰਦੇ ਦੀ ਕੋਈ ਜੂਨ ਆਂ। ਉਂਈਂ ਲੱਕ ਟੁੱਟੇ ਕੁੱਤੇ ਆਂਗੂੰ, ਰਹਿੰਦੀ ਜ਼ਿੰਦਗੀ ਦੀ ਧੂਹ-ਘੜੀਸ ਕਰੀ ਜਾਨੇ ਆਂ....। ਜਗਤਾ ਕੁੱਬਾ ਆਪਣਾ ਹੀ ਰੋਣਾ ਰੋਣ ਲੱਗ ਪਿਆ ਸੀ।

"ਬੁੱਢਾ ਮਨੁੱਖ ਤੇ ਬੁੱਢਾ ਪਸ਼ੂ ਮਨੁੱਖ ਦੀ ਹਮਦਰਦੀ ਤੇ ਸਤਿਕਾਰ ਦੇ ਪਾਤਰ ਹੋਣੇ ਚਾਹੀਦੇ ਹਨ। ਪਰ.......।" ਚੰਨਣ ਸਿਉਂ ਨੇ ਮਨ 'ਚ ਸੋਚਿਆ ਸੀ।

"ਜਗਤ ਸਿਆਂ....।" ਚੰਨਣ ਸਿਉਂ ਉਹਦੇ ਨੇੜੇ ਹੋ ਕੇ, ਉੱਚੀ ਦੇਣੀ ਬੋਲਿਆ ਸੀ, ਮੈਂ ਪੁੱਛਦੈਂ, ਇੱਥੇ ਮੁੰਡੇ ਤਾਸ਼ ਖੇਡਦੇ ਸੀ, ਕਿੱਧਰ ਨੂੰ ਵਗ ਗਏ.....?"

"ਹੈਂ....। ਮੁੰਡੇ.... ਉਨ੍ਹਾਂ ਨੂੰ ਤਾਂ ਭਾਈ, ਗੁਰਦੁਆਰੇ ਦਾ ਭਾਈ ਲੈ ਗਿਆ। ਅਖੇ ਨਿਸ਼ਾਨ ਸਾਹਿਬ ਚੜ੍ਹਾਉਣੈ ਨਵਾਂ......। ਕਹਿੰਦਾ ਆ, ਕਲਕੱਤੇ ਆਲਿਆਂ ਨੇ 'ਸੇਵਾ' ਕਰਾਈ ਆ, ਨਵੇਂ ਨਿਸ਼ਾਨ ਸਾਹਿਬ ਦੀ....। ਹੈਂ.... ਇਹ ਤਾਂ ਭਾਈ ਆਪੋ-ਆਪਣੀ ਸ਼ਰਧਾ ਭਾਈ.....।"

ਚੰਨਣ ਸਿਉਂ ਨੂੰ ਇਹ ਸੁਣ ਕੇ ਪਤਾ ਨਹੀਂ ਕਿਉਂ ਗੁੱਸਾ ਜਿਹਾ ਚੜ੍ਹ ਗਿਆ ਸੀ। ਉਹ ਰਗਾਂ ਘਰੋੜ ਕੇ ਬੋਲਿਆ

"ਹੋਖਾਂ, ਕਲਕੱਤੇ ਆਲਿਆਂ ਦੀ ਬੁੜੀ ਤਾਂ ਲੋਕਾਂ ਦੀਆਂ 'ਬੁੱਤੀਆਂ' ਕਰਦੀ ਮਰਗੀ। ਤੇ ਬੁੜਾ ਬੁੱਢੇ-ਬਾਰੇ ਆਪ ਹੱਥ ਸਾੜਦੈ। ਮੇਰੇ ਸਾਲੇ, ਪਿਉ ਪਤੰਦਰ ਨੂੰ ਤਾਂ ਰੋਟੀ ਦੇ ਨਹੀਂ ਸਕਦੇ। ਤੇ ਨਿਸ਼ਾਨ ਸਾਹਿਬ ਚੜ੍ਹਾਉਂਦੇ ਫਿਰਦੇ ਆ। ਫੋਕੇ ਸ਼ਰਧਾ ਦੇ...।

ਚੰਨਣ ਸਿਉਂ ਬੁੜ-ਬੁੜ ਕਰਦਾ ਘਰ ਨੂੰ ਮੁੜ ਪਿਆ ਸੀ। •

ਫੋਨ - 98788-05238

# ਤਿੰਨ ਗ਼ਜ਼ਲਾਂ

- ਸੁਲੱਖਣ ਸਰਹੱਦੀ

1.

ਮੇਰੇ ਮੋਢੀਂ ਚੜ੍ਹ ਕੇ ਖੰਜ਼ਰ ਵੰਡ ਰਿਹਾ ਸ਼ੈਤਾਨ।
ਅੱਜਕਲ੍ਹ ਮੇਰੇ ਅੰਦਰਲਾ ਹੈ ਫੱਕਰ ਬਹੁਤ ਹੈਰਾਨ।

ਭੂਤਰੇ ਬਾਗੀ ਬੋਲਾਂ ਦਾ ਮੈਂ ਇੰਜ ਕੱਟਿਆ ਘਮਸਾਨ।
ਸੌਂਪ ਦਿੱਤਾ ਮੈਂ ਇਨ੍ਹਾਂ ਤਾਈਂ ਗ਼ਜ਼ਲ ਦਾ ਵਿਧੀ ਵਿਧਾਨ।

ਭਾਰਤ ਵਿਚ ਸਭ ਇਕ ਬਰਾਬਰ ਇੱਕੋ ਹੈ ਸੰਵਿਧਾਨ,
ਰੇਗਿਸਤਾਨ ਨੇ ਨਾਮ ਬਦਲ ਕੇ ਰੱਖ ਲਿਆ ਨਖਲਸਤਾਨ।

ਈਦ ਦੇ ਦਿਨ ਵੀ ਕੰਮੀਂ ਨੂੰ ਨਾ ਰੋਟੀ ਹੋਈ ਨਸੀਬ,
ਅੱਧੀ ਦੁਨੀਆਂ ਦਾ ਤਾਂ ਸਾਰਾ ਸਾਲ ਰਹੇ ਰਮਜ਼ਾਨ।

ਚਲ ਟੀ. ਵੀ. ਤੋਂ ਖਬਰਾਂ ਤੱਕੀਏ ਜਾਂ ਪੜ੍ਹੀਏ ਅਖ਼ਬਾਰ,
ਲਾਰਿਆਂ ਦੀਆਂ ਲੋਰੀਆਂ ਦੇ ਬਿਨ ਸੌਣੇ ਨਹੀਂ ਅਰਮਾਨ।

ਇਹਨਾਂ ਅੱਖਰਾਂ ਤੇ ਸ਼ਬਦਾਂ ਵਿਚ ਅਰਥ ਵਿਰੋਧਾ ਭਾਸ,
ਮੰਦਰ - ਮਾਂ ਦਰ, ਮਨ ਮਨ ਅੰਦਰ? ਅਭਿਮੰਨਿਊ ਅਭਿਮਾਨ।

ਚਿੜੀਆਂ ਚੁਕਣ, ਕਾਂ ਕੁਰਲਾਵਣ, ਬੁਲਬੁਲ ਗਾਏ ਗੀਤ,
ਦਿਲ ਦੀ ਲਹਿਰ ਬਿਨਾਂ 'ਸਰਹੱਦੀ' ਸਭ ਕੁਝ ਸੁੰਨ ਮਸਾਨ।

2.

ਲੋਕੀਂ ਭੁੱਲਨਹਾਰ ਨੇ ਸਾਈਂ ਝਟ ਪਟ ਜ਼ਖ਼ਮ ਭੁਲਾ ਦੇਂਦੇ ਨੇ।
ਖੰਜਰ ਵੰਡਣ ਵਾਲੇ ਦੇ ਹੀ, ਸਿਰ 'ਤੇ ਤਾਜ ਟਿਕਾ ਦੇਂਦੇ ਨੇ।

ਔਰੰਗਜ਼ੇਬ ਜੇ ਸਿੰਘ ਸਜ ਜਾਵੇ, ਲੋਕੀਂ ਫਤਹਿ ਬੁਲਾ ਦੇਂਦੇ ਨੇ?
ਜੰਜੂ ਧੋਤੀ ਟਿੱਕਾ ਲਾ ਲਏ, ਜੈ ਬਜਰੰਗ ਗੂੰਜਾ ਦੇਂਦੇ ਨੇ।



ਇਹ ਪੰਛੀ ਵੀ ਕਿੱਦਾਂ ਦੇ ਨੇ? ਉਹ ਜੋ ਜਾਲ ਤੇ ਫੰਧੇ ਬੁਣਦਾ,
ਉਸੇ ਦੀ ਛੱਤਰੀ ਤੇ ਬਹਿ ਕੇ ਮੋਹ ਦੇ ਖੰਭ ਫੈਲਾ ਦੇਂਦੇ ਨੇ।

ਮੂਰਖ ਸੈਨਾ ਦੇ ਸੈਨਾਨੀ, ਢਾਹੁੰਦੇ ਫਿਰਨ ਮਸੀਤਾਂ ਮੰਦਰ,
ਝਟਕੇ ਅਤੇ ਹਲਾਲ ਤੋਂ ਲੜਦੇ, ਰੋਟੀ-ਯੁੱਧ ਭੁਲਾ ਦੇਂਦੇ ਨੇ।

ਘਰ ਵਿਚ, ਦਿਲ ਵਿਚ ਘੁੱਪ ਹਨ੍ਹੇਰੇ, ਮੜ੍ਹੀਆਂ ਤੇ ਹਨ ਦੀਪ ਜਗਾਉਂਦੇ,
ਮੁਕਤੀ ਲਈ ਇਹ ਗੋਲਕਾਂ ਅੰਦਰ, ਧੀਆਂ ਪੁੱਤਰ ਪਾ ਦੇਂਦੇ ਨੇ।

ਗੁਰਬਤ ਮਾਰੇ ਸਾਜਿਸ਼ੀ ਗਰਕੇ, ਮੰਗ ਕਰਦੇ ਨੇ ਬੈਂਕਾਂ ਖੋਲ੍ਹੋ,
ਮਾਵਾਂ ਦਾ ਦੁੱਧ ਦਾਲ ਤੇ ਆਟਾ, ਬੈਂਕੀਂ ਜਮ੍ਹਾਂ ਕਰਾ ਦੇਂਦੇ ਨੇ।

ਸ਼ਿਅਰ ਬਜ਼ਾਰ 'ਚ ਮਜ਼ਬੂਤੀ ਹੈ, ਅਜ ਪ੍ਰਸੰਨ ਹੈ ਰਾਮ ਬਿਹਾਰੀ,
ਭੁੱਖਿਆਂ ਲਈ ਸਰਕਾਰੀ ਵਾਜੇ, ਅਨਹਦ ਨਾਦ ਵਜਾ ਦੇਂਦੇ ਨੇ।

ਇਹ ਲੋਕੀਂ ਵੀ ਜਾਦੂਗਰ ਨੇ, ਕਈ ਕਈ ਦਿਨ ਰੋਟੀ ਨਾ ਖਾਂਦੇ,
ਸੜਦੇ ਕਣਕ ਗੁਦਾਮਾਂ ਤੇ ਪਰ ਫ਼ਖ਼ਰ ਦੀ ਧੂਫ ਧੁਖਾ ਦੇਂਦੇ ਨੇ।

ਬਦਬੂਦਾਰ ਹਨ੍ਹੇਰਾ ਧੂੰਆਂ ਇਹਨਾਂ ਦੀ ਹੋਣੀ 'ਸਰਹੱਦੀ',
ਕੁਫ਼ਰ ਬਹਿਸ਼ਤੀ ਲਾਰਿਆਂ ਅੰਦਰ ਘਰਾਂ ਨੂੰ ਨਰਕ ਬਣਾ ਦੇਂਦੇ ਨੇ।

3.

ਜ਼ੁਲਮ ਜਬਰ ਦੀ ਗੱਲ ਚੱਲੇ ਤਾਂ, ਮੁਗਲਾਂ ਵੱਲ ਸਰਕਾ ਦੇਨੇ ਆਂ।
ਪਰ ਆਪਣੀ ਔਰੰਗਜੇਬੀ ਵੀ, ਸ਼ਰਧਾ ਵਿਚ ਵਟਾ ਦੇਨੇ ਆਂ।

ਮਹਿਫ਼ਿਲ ਅੰਦਰ ਸਾਡੇ ਵਲ ਜੇ ਉਂਗਲ ਉੱਠਣ ਦਾ ਸ਼ੱਕ ਪੈ ਜੇ,
ਬੁੱਕਲ 'ਚੋਂ ਸੱਪ ਛੱਡ ਦੇਨੇ ਆਂ, ਗੱਲ ਹੀ ਲੀਹੋਂ ਲਾਹ ਦੇਨੇ ਆਂ।

ਉੱਗਣ ਵਾਲਾ ਸੂਰਜ ਜੇਕਰ, ਸਾਡੇ ਹਿਤ ਵਿਚ ਨਾ ਜਾਪੇ ਤਾਂ,
ਨ੍ਹੇਰਿਆਂ ਨੂੰ ਭੜਕਾ ਦੇਨੇ ਆਂ, ਸੂਰਜ ਕਤਲ ਕਰਾ ਦੇਨੇ ਆਂ।

ਉਹ ਲੋਕੀਂ ਜੋ ਨਗਰ ਦੀ ਅੱਖੀਂ, ਸੂਹੇ ਸੁਪਨੇ ਬੀਜਣ ਆਉਣੇ,
ਉਹਨਾਂ ਦੇ ਸੁਆਗਤ ਵਿਚ ਰਾਹੀਂ, ਸੂਲ਼ੀਆਂ ਫੁੱਲ ਵਿਛਾ ਦੇਨੇ ਆਂ।

ਲੋਕੀਂ ਆਪਣੇ ਅਸਲੀਂ ਚਿਹਰੇ ਵੇਖਣ ਤੇ ਘਬਰਾ ਨਾ ਜਾਵਣ,
ਅਮਰੀਕਾ ਦੇ ਝੂਠੇ ਸ਼ੀਸ਼ੇ, ਸਭ ਕੰਧੀਂ ਚਿਪਕਾ ਦੇਨੇ ਆਂ।

ਭੁੱਖ, ਕੰਗਾਲੀ, ਬੇਰੁਜ਼ਗਾਰੀ, ਹੋਰ ਵੀ ਲੱਖਾਂ ਅੱਖਾਂ ਭੜਕਣ,
ਫੇਰ ਕੇ ਇਕ ਅਤਿਵਾਦ ਦਾ ਝੁਰਲੂ, ਸਭ ਨੂੰ ਠੰਢਾ ਪਾ ਦੇਨੇ ਆਂ।

ਜਿਸ ਗੁਲਸ਼ਨ 'ਚੋਂ ਸਾਡੇ ਰੰਗ ਦੇ, ਨਿਸਬਤ ਅੰਦਰ ਫੁੱਲ ਘਟ ਜਾਵਣ,
ਮਾਲੀ ਕੈਦ ਕਰਾ ਦੇਨੇ ਆਂ, ਗੁਲਸ਼ਨ ਨੂੰ ਅੱਗ ਲਾ ਦੇਨੇ ਆਂ।

ਪਿੰਡ ਜਹਾਲਤ ਦੇ ਨ੍ਹੇਰੇ ਵਿਚ, ਕੰਨਾਂ-ਅੱਖਾਂ ਤੀਕਰ ਡੁੱਬ ਗਏ,
ਦਿੱਲੀਉਂ ਭੇਜ ਕੇ ਕਾਗਜ਼ੀ ਕਿਸ਼ਤੀ, ਚਾਨਣ ਚੱਪੂ ਲਾ ਦੇਨੇ ਆਂ।

ਜਿਨ੍ਹਾਂ ਦਾ ਹੈ ਮੈਨੀਫੈਸਟੋ, ਟੋਕੇ ਆਰੇ ਤੇਜ਼ ਕੁਹਾੜੇ,
ਐਸੇ ਦਲ ਦੇ ਦੱਲਿਆਂ ਨੂੰ ਵੀ, ਆਪਾਂ ਰੁੱਖ ਜਿਤਾ ਦੇਨੇ ਆਂ।

ਜੋ ਸ਼ਾਇਰ 'ਸਰਹੱਦੀ' ਵਰਗਾ, ਬਾਜ ਨਾ ਆਵੇ ਹਕ ਘੁਰਕੀ ਤੋਂ,
ਉਸਨੂੰ ਬੁਰਕੀ ਪਾ ਦੇਨੇ ਆਂ, ਪੂਛ ਹਿਲਾਣ ਸਿਖਾ ਦੇਨੇ ਆਂ।

**ਮੋਬਾਇਲ : 94174-84337**

ਚਿੱਤਰਕਾਰ ਜਰਨੈਲ ਸਿੰਘ
ਸਫੇ - 96
ਮੁੱਲ - 200 ਰੁਪਏ
ਮਨਪ੍ਰੀਤ ਪ੍ਰਕਾਸ਼ਨ, ਦਿੱਲੀ
ਫੋਨ - 093122-71252



# ਲਿੱਸਿਆਂ ਦਾ ਲੇਖਕ : ਗੁਰਦਾਸ ਰਾਮ ਆਲਮ

- ਡਾ. ਭੀਮ ਇੰਦਰ ਸਿੰਘ

ਪੰਜਾਬੀ ਦਾ ਪ੍ਰਸਿੱਧ ਕਵੀ ਗੁਰਦਾਸ ਰਾਮ ਆਲਮ ਉਨ੍ਹਾਂ ਕਵੀਆਂ ਵਿਚੋਂ ਹੈ, ਜਿਨ੍ਹਾਂ ਨੇ ਲਿੱਸਿਆਂ ਲਿਤਾੜਿਆਂ, ਮਿੱਧਿਆਂ, ਮਧੋਲਿਆਂ, ਦਰੜਿਆਂ ਤੇ ਦਲ਼ਿਆਂ ਦੇ ਜੀਵਨ ਅਨੁਭਵ ਨੂੰ ਆਪਣੀ ਕਾਵਿ ਚੇਤਨਾ ਨਾਲ ਇਕਸੁਰ ਕਰਕੇ ਆਪਣੀਆਂ ਕਵਿਤਾਵਾਂ, ਨਜ਼ਮਾਂ ਤੇ ਗੀਤਾਂ ਵਿਚ ਢਾਲਿਆ ਹੈ। ਅਗਾਂਹਵਧੂ ਚੇਤਨਾ ਨਾਲ ਇਕਸੁਰ ਤੇ ਪ੍ਰਤੀਬੱਧ ਹੋਣ ਕਰਕੇ ਉਸਦੀ ਕਵਿਤਾ ਬਹੁਤੇ ਸਟੇਜੀ ਕਵੀਆਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਤੇ ਮਹੱਤਵਪੂਰਨ ਹੈ। ਇਸ ਗੱਲ ਦਾ ਪ੍ਰਮਾਣ ਉਸਦੇ ਛਪੇ ਚਾਰੇ ਕਾਵਿ-ਸੰਗ੍ਰਹਿ 'ਜੇ ਮੈਂ ਮਰ ਗਿਆ', 'ਅੱਲੇ ਫੱਟ', 'ਉੱਡਦੀਆਂ ਧੂੜਾਂ', 'ਆਪਣਾ ਆਪ' ਤੋਂ ਸਹਿਜੇ ਹੀ ਮਿਲ ਜਾਂਦਾ ਹੈ। ਇਨ੍ਹਾਂ ਪੁਸਤਕਾਂ ਵਿਚ ਆਲਮ ਦਾ ਕਾਵਿ-ਸੁਹਜ, ਸਿਆਸੀ ਸੋਚ ਅਤੇ ਪ੍ਰਤੀਬੱਧਤਾ ਦਾ ਝਲਕਾਰਾ ਸਪੱਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਆਲਮ ਜਾਣਦਾ ਸੀ ਕਿ ਸਾਡੇ ਸਮਾਜ ਦੀਆਂ ਉਪਜਾਊ ਸ਼ਕਤੀਆਂ, ਉਪਜ ਦੇ ਸਾਧਨ, ਰਾਜ-ਪ੍ਰਬੰਧ ਆਦਿ ਪੂੰਜੀਪਤੀਆਂ, ਜਾਗੀਰਦਾਰਾਂ ਦੇ ਹੱਥ ਵਿਚ ਹਨ। ਇਹ ਲੁਟੇਰੀਆਂ ਜਮਾਤਾਂ ਭਾਰਤ ਦੇ ਕਰੋੜਾਂ ਕਿਰਤੀਆਂ ਨੂੰ ਲੁੱਟਣ 'ਤੇ ਲੱਗੀਆਂ ਹੋਈਆਂ ਹਨ। ਇਹ ਜਮਾਤਾਂ ਆਪਣੀ ਸੱਤਾ ਨੂੰ ਸਬੂਤਾ ਰੱਖਣ ਲਈ ਅਨੇਕਾਂ ਚਾਲਾਂ ਚਲਦੀਆਂ ਹਨ। ਕਿਰਤੀਆਂ ਨੂੰ ਕਦੇ ਇਹ ਧਰਮ ਦੇ ਨਾਂ 'ਤੇ, ਕਦੇ ਜਾਤ-ਪਾਤ ਦੇ ਨਾਂ 'ਤੇ ਵੰਡ ਕੇ ਰੱਖਦੀਆਂ ਹਨ। ਲੁੱਟੇ ਜਾ ਰਹੇ ਇਨ੍ਹਾਂ ਕਿਰਤੀ ਵਰਗਾਂ ਦੀ ਭੈੜੀ ਹਾਲਤ ਨੂੰ ਆਲਮ ਨੇ ਆਵਾਜ਼ ਦੇ ਕੇ 'ਉਲ੍ਹਾਮਾ' ਕਵਿਤਾ ਵਿਚ ਸਾਹਿਤਕ ਇਮਾਨਦਾਰੀ ਦੀ ਪੇਸ਼ਕਾਰੀ ਕੀਤੀ ਹੈ -

**ਤੋੜ ਜਾਲ ਇਹ ਜਾਤਾਂ-ਪਾਤਾਂ ਦੇ, ਕੰਧ ਢਾਹ ਸੁੱਟ ਰਸਮਾਂ ਰੀਤਾਂ ਦੀ।**
**ਹੱਥਾਂ ਵਿਚ ਲੈ ਕੇ ਰਾਜ ਸੱਤਾ ਕੁੱਲ ਆਲਮ ਉੱਤੇ ਬਜ ਕਰ ਲੈ।**
**ਕਿਉਂ ਮੁਘੜ ਮਾਰੀ ਬੈਠਾ ਏਂ, ਉਠ ਦਲਿਤ ਭਰਾਵਾ ਚੱਜ ਕਰ ਲੈ।**
**ਕੰਮ ਤੈਨੂੰ ਕਰਨਾ ਪੈਣਾ ਏਂ, ਚਾਹੇ ਕਲ੍ਹ ਕਰ ਲਈਂ ਚਾਹੇ ਅੱਜ ਕਰ ਲੈ।**

ਸ਼ਪੱਸ਼ਟ ਹੈ ਕਿ ਆਲਮ ਲਈ ਕਾਵਿ ਰਚਨਾ ਆਪ ਮੁਹਾਰਾ ਵਹਿਣ ਦੀ ਬਜਾਇ ਇਕ ਸੁਚੇਤ ਰਚਨਾਤਮਕ ਅਮਲ ਹੈ। ਉਸਦੀ ਕਵਿਤਾ ਬਹੁਤੇ ਦਲਿਤ ਕਵੀਆਂ ਵਾਂਗ ਦਿਸਦੇ ਯਥਾਰਥ ਦੀ ਮਹਿਜ ਨਕਲ ਜਾਂ ਫੋਟੋਗ੍ਰਾਫੀ ਨਹੀਂ ਹੈ ਬਲਕਿ ਇਹ ਵਸਤੂ-ਯਥਾਰਥ ਦੀ ਅੰਦਰੂਨੀ ਤਰਕ ਨੂੰ ਸਮਝਦੇ ਹੋਏ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਲਿਖੀ ਗਈ ਹੈ। ਆਲਮ ਦਾ ਵਿਚਾਰਧਾਰਕ ਨਜ਼ਰੀਆ ਸਮਾਜ ਦੀ ਬੁਨਿਆਦੀ ਵਿਰੋਧਤਾਈ ਭਾਵ ਕਿਰਤ ਅਤੇ ਸਰਮਾਏ ਦੀ ਵਿਰੋਧਤਾਈ ਨੂੰ ਸਮਝਣ ਦੇ ਨਾਲ-ਨਾਲ ਧਾਰਮਿਕ ਤੇ ਜਾਤ-ਪਾਤੀ ਵਿਰੋਧਤਾਈਆਂ ਨੂੰ ਸਮਝ ਕੇ ਆਪਣੇ ਪਾਠਕ ਨੂੰ ਕ੍ਰਾਂਤੀਕਾਰੀ ਅਮਲ ਲਈ ਤਿਆਰ ਕਰਦਾ ਹੈ। ਆਪਣੀ ਕਵਿਤਾ 'ਸੋਸ਼ਲਿਜ਼ਮ' ਵਿਚ ਉਹ ਅਖੌਤੀ ਸਮਾਜਵਾਦ ਦੇ ਨਾਂ ਹੇਠ ਕੀਤੀ ਜਾਂਦੀ ਸਿਆਸਤ ਦਾ ਪਰਦਾ ਫਾਸ਼ ਕਰਦਾ ਹੋਇਆ ਆਪਣੇ ਪਾਠਕ ਨੂੰ

ਅਸਲੀ ਸਮਾਜਵਾਦੀ ਕ੍ਰਾਂਤੀ ਲਿਆਉਣ ਲਈ ਪ੍ਰੇਰਦਾ ਹੈ –

**ਆਵੋ ਅਸਲੀ ਸੋਸ਼ਲਿਜ਼ਮ ਨੂੰ ਇਕ ਹੋ ਕੇ ਲੈ ਆਈਏ।**
**ਲੁੱਟ ਖਸੁੱਟ ਬੇਕਾਰੀ ਹੱਥੋਂ, 'ਆਲਮ' ਮੁਕਤ ਕਰਾਈਏ।**

ਆਲਮ ਦੀ ਕਵਿਤਾ ਸਮਾਜਿਕ, ਸਿਆਸੀ ਤੇ ਆਰਥਿਕ ਪ੍ਰਸਥਿਤੀਆਂ ਨੂੰ ਬੁਨਿਆਦੀ ਤੌਰ 'ਤੇ ਤਬਦੀਲ ਕਰਨਾ ਚਾਹੁੰਦੀ ਹੈ। ਇਹੋ ਕਾਰਨ ਹੈ ਕਿ ਉਹ ਹਮੇਸ਼ਾ ਆਪਣੇ ਆਪ ਨੂੰ ਜੂਝਦੇ ਲੋਕਾਂ ਨਾਲ ਖੜ੍ਹਾ ਮਹਿਸੂਸ ਕਰਦਾ ਹੈ। ਆਲਮ ਲੋਟੂ ਜਮਾਤਾਂ ਤੇ ਜਾਤਾਂ ਦੁਆਰਾ ਪੈਦਾ ਕੀਤੇ ਗਏ ਸਭਿਆਚਾਰ ਅਤੇ ਸੁਹਜ ਸੁਆਦ ਨੂੰ ਖ਼ਤਮ ਕਰਕੇ ਨਵੀਂ ਕਿਸਮ ਦਾ ਸਭਿਆਚਾਰ ਤੇ ਸੁਹਜ-ਸੁਆਦ ਸਿਰਜਣਾ ਚਾਹੁੰਦਾ ਹੈ। ਉਸਦੀ ਕਵਿਤਾ ਇਸੇ ਕਰਕੇ ਮੁੱਲਵਾਨ ਹੈ। ਇਹ ਨਵੇਂ ਮਨੁੱਖੀ ਸਮਾਜ ਦੇ ਸੁਪਨੇ ਨੂੰ ਸਿਰਜਦੀ ਹੋਈ ਇਸ ਸੁਪਨੇ ਨੂੰ ਸਾਕਾਰ ਕਰਨ ਦੀ ਵਿਧੀ ਦਾ ਗਿਆਨ ਵੀ ਕਰਵਾਉਂਦੀ ਹੈ। ਇਹੋ ਕਾਰਨ ਹੈ ਕਿ ਆਲਮ ਦੀ ਕਵਿਤਾ ਆਪਣੇ ਕਾਵਿਕ ਮੁੱਲ ਦੇ ਨਾਲ-ਨਾਲ ਸਭਿਆਚਾਰਕ ਮੁੱਲ ਵੀ ਰੱਖਦੀ ਹੈ। ਉਸ ਦੀਆਂ ਕਵਿਤਾਵਾਂ ਮਨੁੱਖੀ ਮੁੱਲਾਂ ਨੂੰ ਸਰਲ ਤੇ ਸੌਖੀਆਂ ਕਾਵਿ-ਜੁਗਤਾਂ ਰਾਹੀਂ ਪਰਚਾਰਦੀਆਂ ਹਨ। ਆਲਮ ਦੀ ਕਵਿਤਾ ਗਾਉਣ ਲਈ ਜਾਂ ਸੁਣਾਉਣ ਲਈ ਲਿਖੀ ਗਈ ਹੋਣ ਕਾਰਨ ਆਪਣੇ ਸਰੋਤੇ ਜਾਂ ਪਾਠਕ ਨੂੰ ਸਿੱਧੀ ਸੰਬੋਧਨ ਹੁੰਦੀ ਹੈ। ਇਸ ਕਰਕੇ ਆਲਮ ਦੀ ਕਵਿਤਾ ਵਿਚ ਨਾਅਰਾ, ਵੰਗਾਰ, ਪੁਕਾਰ, ਕਾਰਜ ਦੀ ਰਿਪੋਰਟਿੰਗ, ਬਿਰਤਾਂਤਕ ਭਾਸ਼ਣੀ ਸ਼ੈਲੀ, ਸਰੋਦੀ ਹੂਕ, ਪਰੰਪਰਕ ਕਾਵਿ-ਰੂਪ ਤੇ ਪ੍ਰਚਲਿਤ ਛੰਦ-ਵਿਧਾਨ ਆਦਿ ਜੁਗਤਾਂ ਦੀ ਵਰਤੋਂ ਖੁੱਲ੍ਹੇ ਰੂਪ ਵਿਚ ਕੀਤੀ ਗਈ ਹੈ। ਕਿਤੇ-ਕਿਤੇ ਇਹ ਕਵਿਤਾ ਅਤਿ ਸਰਲ ਕਾਵਿ-ਜੁਗਤਾਂ ਤੀਕ ਵੀ ਸਿਮਟ ਕੇ ਰਹਿ ਜਾਂਦੀ ਹੈ। ਪਰ ਇਹ ਆਲਮ ਦੀ ਕਵਿੰਤਾ ਦੀ ਉੱਚੀ ਸੁਰ ਹੋਣ ਕਰਕੇ ਹੈ। ਆਪਣੀ ਉੱਚੀ ਸੁਰ ਸਦਕਾ ਹੀ ਆਲਮ ਆਪਣੇ ਕਾਵਿ-ਪਾਤਰ ਦੀ ਦਲੇਰੀ, ਅਣਖ ਅਤੇ ਸ਼ਕਤੀ ਨੂੰ ਪੇਸ਼ ਕਰਨ ਦੇ ਯਤਨ ਕਰਦਾ ਹੈ। ਆਲਮ ਦੇ ਦੱਬੇ-ਕੁਚਲੇ, ਲਿਤਾੜੇ ਤੇ ਲਿੱਸੇ ਪਾਤਰਾਂ ਦੀ ਸਮਾਜਿਕ ਤੇ ਆਰਥਿਕ ਸਥਿਤੀ ਜਿੰਨੀ ਕਠੋਰ ਹੁੰਦੀ ਹੈ ਉਸਦੀ ਕਵਿਤਾ ਦਾ ਨਾਅਰਾ ਓਨਾ ਹੀ ਬੁਲੰਦ ਹੁੰਦਾ ਹੈ ਅਤੇ ਕਾਵਿ-ਪਾਤਰ ਜਿੰਨਾ ਦਲੇਰ ਤੇ ਸ਼ਕਤੀਸ਼ਾਲੀ ਹੁੰਦਾ ਹੈ ਵੰਗਾਰ ਓਨੀ ਹੀ ਉੱਚੀ ਹੁੰਦੀ ਹੈ। ਇਸ ਸਬੰਧ ਵਿਚ ਆਲਮ ਦੀਆਂ ਕਈ ਕਵਿਤਾਵਾਂ ਜਿਵੇਂ ਪਾਂਚੂ, ਡਾ. ਅੰਬੇਦਕਰ ਤੇ ਰਵੀਦਾਸ ਬਾਰੇ ਲਿਖੀਆਂ ਕਵਿਤਾਵਾਂ ਵੇਖੀਆਂ ਜਾ ਸਕਦੀਆਂ ਹਨ। ਡਾ. ਅੰਬੇਦਕਰ ਕਵਿਤਾ ਦੀਆਂ ਸਤਰਾਂ ਹਨ –

**ਪੈਰ ਫੇਰ ਕੇ ਲੀਹਾਂ ਪੁਰਾਣੀਆਂ ਤੇ।**
**ਰੁਲਦੇ-ਖੁਲਦੇ ਬੇ-ਘਰੇ ਲਵਾਰਸਾਂ ਨੂੰ,**
**ਫੜਦੇ ਬੰਦਿਆਂ ਵਿਚ ਬਿਠਾ ਗਿਆ ਉਹ।**
**ਬੁਝੇ ਹੋਏ ਅਛੂਤਾਂ ਦੇ ਦਿਲ ਅੰਦਰ,**
**ਆਲਮ ਜੋਤ ਅਹਿਸਾਸ ਜਗਾ ਗਿਆ ਉਹ।**



ਆਲਮ ਦੀਆਂ ਅਜਿਹੀਆਂ ਕਵਿਤਾਵਾਂ ਸਥਿਤੀ ਦੀ ਕਠੋਰਤਾ, ਕਾਵਿ-ਪਾਤਰ ਦਾ ਸੰਘਰਸ਼ ਤੇ ਸਮੇਂ ਦੀ ਵੰਗਾਰ ਨੂੰ ਬੁਲੰਦ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਦਾ ਕਾਵਿ-ਪਾਤਰ ਆਪਣੀ ਲੁੱਟੀ ਤੇ ਲਤਾੜੀ ਜਾ ਰਹੀ ਹਸਤੀ ਤੇ ਸਮਾਜਿਕ ਸਥਿਤੀ ਨੂੰ ਪਛਾਣਦਾ ਹੈ। ਅਜਿਹੇ ਕਾਵਿ-ਪਾਤਰ ਦੀ ਪ੍ਰਗਤੀਸ਼ੀਲਤਾ ਦੀ ਵੱਖਰੀ ਪਛਾਣ ਇਹ ਹੈ ਕਿ ਇਹ ਕਾਵਿ-ਪਾਤਰ ਆਪ ਦੱਬੇ-ਕੁਚਲੇ ਤੇ ਦਲਿਤ ਸਮਾਜ ਵਿਚੋਂ ਹੈ ਅਤੇ ਜੋ ਕੁਝ ਸਥਾਪਤ ਹੈ ਉਸਦਾ ਵਿਰੋਧੀ ਹੈ। ਇਸ ਕਾਵਿ-ਪਾਤਰ ਦੀ ਖ਼ੂਬੀ ਇਹ ਹੈ ਕਿ ਉਹ ਸਥਾਪਤ ਸਥਿਤੀਆਂ ਨੂੰ ਵਿਸਥਾਪਤ ਕਰਕੇ ਆਪਣੇ ਵਰਗ ਦੇ ਲੋਕਾਂ ਲਈ ਸੁਖ-ਸੁਹਜ ਵਾਲੀਆਂ ਪ੍ਰਸਥਿਤੀਆਂ ਪੈਦਾ ਕਰਨੀਆਂ ਲੋਚਦਾ ਹੈ। ਇਸ ਕਰਕੇ ਆਲਮ ਦੀਆਂ ਕਵਿਤਾਵਾਂ ਵਿਚ ਸਿਆਸੀ ਚੇਤਨਾ ਉੱਪਰ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਉਸ ਦੀਆਂ ਕਵਿਤਾਵਾਂ ਵਿਚ ਨਿਰੋਲ ਸਮਾਜਿਕ, ਮਾਨਸਿਕ ਆਦਿ ਮੁੱਦਿਆਂ ਦੇ ਨਾਲ-ਨਾਲ ਸਿਆਸੀ ਮੁੱਦਿਆਂ ਨੂੰ ਵੀ ਪ੍ਰਮੁੱਖਤਾ ਦਿੱਤੀ ਗਈ ਹੈ। ਇਹੋ ਕਾਰਨ ਹੈ ਕਿ ਆਲਮ ਜਿੱਥੇ 1947 ਵਿਚ ਗਰੀਬ ਹਿੰਦੋਸਤਾਨੀਆਂ ਨੂੰ ਮਿਲੀ ਅਖੌਤੀ ਆਜ਼ਾਦੀ ਦਾ ਮਜ਼ਾਕ ਉਡਾਉਂਦਾ ਹੈ, ਉਥੇ ਵੋਟਾਂ ਸਮੇਂ ਹੁੰਦੀਆਂ ਧਾਂਦਲੀਆਂ ਦਾ ਪਰਦਾਫਾਸ਼ ਵੀ ਕਰਦਾ ਹੈ। ਬੁਰਜੂਆ ਲੋਕਤੰਤਰ ਵਿਚ ਆਮ ਆਦਮੀ ਕਿਸ ਤਰ੍ਹਾਂ ਇਕ 'ਵੋਟ' ਬਣ ਕੇ ਰਹਿ ਜਾਂਦਾ ਹੈ, ਨੂੰ ਆਲਮ ਦੀਆਂ ਕਈ ਕਵਿਤਾਵਾਂ ਵਿਚ ਬੜੀ ਵਿਅੰਗਮਈ ਕਾਵਿ-ਵਿਧਾ ਰਾਹੀਂ ਪੇਸ਼ ਕੀਤਾ ਗਿਆ ਹੈ। 'ਇਲੈਕਸ਼ਨ' ਨਾਂ ਦੀ ਕਵਿਤਾ ਭਾਰਤੀ ਸਿਆਸਤ ਦੀਆਂ ਚਾਲਬਾਜ਼ੀਆਂ, ਕੂਟਨੀਤੀਆਂ ਆਦਿ ਦਾ ਪਾਜ ਇਸ ਤਰ੍ਹਾਂ ਉਘੇੜਦੀ ਹੈ –

**ਇਲੈਕਸ਼ਨ ਜਾਲ ਹੈ ਟਾਟਿਆਂ ਬਿਰਲਿਆਂ ਦਾ**
**ਜਿਹਦੇ ਵਿਚ ਗਰੀਬਾਂ ਨੂੰ ਸਿੱਟਦੇ ਨੇ।**
**ਵੋਟਾਂ ਲੈਣ ਮਜ਼ਦੂਰ ਕਿਰਸਾਣ ਬਣਕੇ, ਜਦੋਂ ਜਿੱਤ ਜਾਂਦੇ ਉਦੋਂ ਫਿੱਟਦੇ ਨੇ।**
**ਕੁੱਕੜ ਵਾਂਗ ਬਾਹਰੋਂ ਵੱਖ-ਵੱਖ ਲੜਦੇ, ਅੰਦਰ ਸਾਂਝੀਆਂ ਗਿਣਤੀਆਂ ਸਿੱਟਦੇ ਨੇ।**
**ਕੋਈ ਪਾਰਟੀ, ਕੋਈ ਮਨੁੱਖ ਭਾਵੇਂ ਆਪੋ ਆਪਣੇ ਢਿੱਡਾਂ ਲਈ ਪਿੱਟਦੇ ਨੇ।**
**ਗੁਰਬਤ ਤੰਗੀ, ਬੇਕਾਰੀ ਨਹੀਂ ਰਹਿਣ ਦੇਣੀ ਐਸੀ ਰੇਖ ਅੰਦਰ ਮੇਖ ਮਾਰਨੀ ਏਂ।**
**ਕਹਿੰਦੇ ਇਸੇ ਵਿਧਾਨ ਦੇ ਵਿਚ ਰਹਿ ਕੇ, ਹੁਣ ਬਘਿਆੜ ਨੇ ਬੱਕਰੀ ਚਾਰਨੀ ਏਂ।**

ਆਲਮ ਦੀਆਂ ਕਵਿਤਾਵਾਂ ਦਾ ਕਾਵਿ-ਪਾਤਰ ਸਿਆਸੀ ਕੂਟਨੀਤੀਆਂ ਦਾ ਕੇਵਲ ਗਿਆਤਾ ਹੀ ਨਹੀਂ ਸਗੋਂ ਉਹ ਸਮੇਂ ਦੀ ਸਿਆਸਤ ਅਤੇ ਰਾਜਸੱਤਾ ਨਾਲ ਅਮਲੀ ਰੂਪ ਵਿਚ ਟੱਕਰ ਲੈਣ ਦਾ ਚਾਹਵਾਨ ਵੀ ਹੈ। ਆਪਣੀਆਂ ਵੱਖ-ਵੱਖ ਕਵਿਤਾਵਾਂ ਵਿਚ ਉਹ ਲੋਕਾਂ ਨੂੰ ਸੰਗਠਿਤ ਕਰਨ ਅਤੇ ਸੁੱਤੀ ਜਨਤਾ ਨੂੰ ਜਗਾਉਣ ਲਈ ਨਾਅਰੇ ਵੀ ਬੁਲੰਦ ਕਰਦਾ ਹੈ। ਇਸ ਸੰਬੰਧ ਵਿਚ ਆਲਮ ਦੀ ਕਵਿਤਾ 'ਖਾਨਾਬਦੋਸ਼' ਵੇਖੀ ਜਾ ਸਕਦੀ ਹੈ। ਜਿਸ ਵਿਚ ਉਹ ਪੀੜਤ ਧਿਰ ਭਾਵ ਖ਼ਾਨਾਬਦੋਸ਼ਾਂ ਨੂੰ ਇਕੱਠੇ ਕਰਕੇ ਜੁਗ ਪਲਟਾਉਣ ਦੀ ਗੱਲ ਕਰਦਾ ਹੈ –

ਪੁੰਨ ਪਾਪ ਨਸੀਬਾਂ ਦਾ ਨਸ਼ਾ ਦੇ ਕੇ,
ਕੀਤਾ ਡਾਢਿਆਂ ਭਾਵੇਂ ਬੇਹੋਸ਼ ਮੈਨੂੰ।
ਮੇਰਾ ਕੌਣ ਦੁਸ਼ਮਣ ਅਤੇ ਕੌਣ ਦੋਸਤ,
ਇਸ ਗੱਲ ਦੀ ਸਾਰੀ ਏ ਹੋਸ਼ ਮੈਨੂੰ।
ਮੇਰੀ ਲੁੱਟ ਕੇ ਪੱਤ ਪਤਵੰਤਿਆਂ ਨੇ,
ਪਿਛੋਂ ਆਖਿਆ ਇੱਜ਼ਤ ਫਰੋਸ਼ ਮੈਨੂੰ।
ਮੇਰੀਆਂ ਝੁੱਗੀਆਂ ਢਾਹ ਕੇ ਮਹਿਲ ਪਾ ਲਏ,
ਕਰ ਛੱਡਿਆ ਖ਼ਾਨਾਬਦੋਸ਼ ਮੈਨੂੰ।
ਪਰ ਮੈਂ ਹੌਸਲਾ ਅਜੇ ਵੀ ਹਾਰਦਾ ਨਹੀਂ,
ਟੋਏ ਪੂਰਨੇ ਲਈ ਟਿੱਬੇ ਢਾਹਵਾਂਗਾ ਮੈਂ।
ਆਲਮ ਖ਼ਾਨਾਬਦੋਸ਼ਾਂ ਦਾ 'ਕੱਠ ਕਰਕੇ,
ਆਪਣਾ ਨਵਾਂ ਇਤਿਹਾਸ ਬਣਾਵਾਂਗਾ ਮੈਂ।

ਆਲਮ ਦੀ ਕਵਿਤਾ ਦੀਆਂ ਇਹ ਸਤਰਾਂ ਉਸਦੇ ਪ੍ਰਗਤੀਸ਼ੀਲ ਸਿਆਸੀ ਵਿਚਾਰਾਂ ਨੂੰ ਪ੍ਰਗਟ ਕਰਦੀਆਂ ਹਨ। ਆਲਮ ਆਪਣੇ ਅਗਾਂਹਵਧੂ ਵਿਚਾਰਾਂ ਨੂੰ ਕਾਵਿ-ਵਸਤੂ ਵਿਚ ਰੂਪਾਂਤ੍ਰਿਤ ਕਰਕੇ ਪੰਜਾਬੀ ਕਵਿਤਾ ਵਿਚ ਵਿਸ਼ੇਸ਼ ਸਥਾਨ ਦਾ ਹੱਕਦਾਰ ਹੋ ਜਾਂਦਾ ਹੈ। ਆਲਮ ਦੀ ਵਿਚਾਰਧਾਰਾ ਜਿੱਥੇ ਧਰਮ ਦੁਆਰਾ ਕੀਤੀ ਜਾਂਦੀ ਮਨੁੱਖ ਦੀ ਲੁੱਟ ਨੂੰ ਪੇਸ਼ ਕਰਦੀ ਹੈ ਉਥੇ ਉਹ ਅਖੌਤੀ ਉੱਚੀਆਂ ਜਾਤਾਂ ਦੁਆਰਾ ਜਾਤ-ਪਾਤ ਨੂੰ ਕਾਇਮ ਰੱਖ ਕੇ ਕੀਤੀ ਜਾਂਦੀ ਕਿਰਤੀਆਂ ਦੀ ਲੁੱਟ ਦੀ ਸਿਆਸਤ ਦਾ ਪਰਦਾਫਾਸ਼ ਵੀ ਕਰਦੀ ਹੈ। ਉਸਦੀ ਸਿਆਸੀ ਵਿਚਾਰਧਾਰਾ ਇਕ ਵਿਸ਼ੇਸ਼ ਯੁੱਗ-ਦਰਸ਼ਨ ਨਾਲ ਸੰਬੰਧਤ ਹੈ। ਇਹੋ ਕਾਰਨ ਹੈ ਕਿ ਆਲਮ ਆਪਣੇ ਪਾਠਕ ਜਾਂ ਸਰੋਤੇ ਕੋਲੋ ਨਵੇਂ ਇਤਿਹਾਸ ਨੂੰ ਸਿਰਜਣ ਦੀ ਮੰਗ ਕਰਦਾ ਹੈ।

ਆਲਮ-ਕਾਵਿ ਨੂੰ ਉਸਦੇ ਅਰੰਭਲੇ ਕਾਲ ਤੋਂ ਹੀ ਪ੍ਰਗਤੀਸ਼ੀਲ ਵਿਚਾਰਾਂ ਨੇ ਆਪਣੇ ਕਲਾਵੇ ਵਿਚ ਲੈ ਲਿਆ ਸੀ। ਉਹ ਆਪਣੇ ਪਲੇਠੇ ਕਾਵਿ-ਸੰਗ੍ਰਹਿ 'ਜੇ ਮੈਂ ਮਰ ਗਿਆ' ਦੀਆਂ ਕਵਿਤਾਵਾਂ ਅਤੇ ਗੀਤਾਂ ਵਿਚ ਜਮਾਤੀ ਤੇ ਜਾਤੀ ਸਮੱਸਿਆਵਾਂ ਨੂੰ ਸੰਬੋਧਨ ਹੋਣ ਲੱਗ ਪਿਆ ਸੀ। ਮਸਲਨ ਉਸ ਦੀਆਂ ਕਵਿਤਾਵਾਂ 'ਅਛੂਤ ਦਾ ਇਲਾਜ' ਕਾਫ਼ਲੇ ਦਾ ਗੀਤ, ਮਜ਼ਦੂਰ, ਅਜ਼ਾਦੀ, ਅਜ਼ਾਦੀ ਨੂੰ (ਅਛੂਤ ਦੀ ਜ਼ੁਬਾਨੀ) ਆਦਿ ਉਸਦੀ ਆਲੋਚਨਾਤਮਕ ਯਥਾਰਥਵਾਦੀ ਕਾਵਿ-ਦ੍ਰਿਸ਼ਟੀ ਦੀ ਸੂਹ ਦਿੰਦੀਆਂ ਹਨ। ਆਪਣੀ ਵਿਗਿਆਨਕ ਦ੍ਰਿਸ਼ਤੀ ਕਾਰਨ ਹੀ ਆਲਮ ਰੱਬੀ ਹੋਂਦ ਪ੍ਰਤੀ ਬੇਤੁਕੀ ਆਸਥਾ ਅਤੇ ਅੰਧ-ਵਿਸ਼ਵਾਸਾਂ ਦਾ ਖੰਡਨ ਕਰਦਾ ਹੈ। ਆਪਣੀਆਂ ਮੁੱਢਲੀਆਂ ਕਵਿਤਾਵਾਂ ਵਿਚ ਹੀ ਉਹ ਧਾਰਮਿਕ ਪਾਖੰਡਾਂ ਤੇ ਵਹਿਮਾਂ-ਭਰਮਾਂ ਨੂੰ ਨਿੰਦਦਾ ਹੋਇਆ ਪੰਡਤਾਂ, ਮੌਲਵੀਆਂ, ਭਾਈਆਂ, ਪਾਦਰੀਆਂ ਤੇ ਸਿਆਸੀ ਪਾਰਟੀਆਂ ਦੁਆਰਾ ਫੈਲਾਈ ਜਾ ਰਹੀ ਅਵਿਗਿਆਨਕ ਤੇ



ਧਾਰਮਿਕ ਤੇ ਜਾਤੀਵਾਦੀ ਕੱਟੜਤਾ ਨੂੰ ਨਕਾਰਦਾ ਹੈ। ਉਸਦੀਆਂ ਮੁੱਢਲੀਆਂ ਕਵਿਤਾਵਾਂ ਉਸਦੇ ਇਤਿਹਾਸਕ ਭੌਤਿਕਵਾਦੀ ਚਿੰਤਨ ਦੀਆਂ ਉਹਨਾਂ ਸੰਭਾਵਨਾਵਾਂ ਦਾ ਸੰਕੇਤਕ ਰੂਪ ਹਨ ਜੋ ਅੱਗੇ ਜਾ ਕੇ ਉਸ ਦੀਆਂ ਪੁਸਤਕਾਂ 'ਅੱਲੇ ਫੱਟ', 'ਉੱਡਦੀਆਂ ਧੂੜਾਂ', 'ਆਪਣਾ ਆਪ' ਵਿਚ ਵੀ ਵੇਖਿਆ ਜਾ ਸਕਦਾ ਹੈ। ਆਲਮ ਦੀਆਂ ਇਨ੍ਹਾਂ ਪੁਸਤਕਾਂ ਵਿਚ ਸਮਾਜ ਦੀ ਜਾਤੀ ਤੇ ਜਮਾਤੀ ਵੰਡ, ਸਮਾਜਵਾਦੀ ਇਨਕਲਾਬ ਦਾ ਅਨੁਭਵ ਚਿੰਤਨ ਅਤੇ ਮਨੁੱਖ ਦੀ ਸਰਬਪੱਖੀ ਸੁਤੰਤਰਤਾ ਦੇ ਸੁਪਨਿਆਂ ਨੂੰ ਸੰਬੋਧਨ ਕੀਤਾ ਗਿਆ ਹੈ। ਆਲਮ ਦੀਆਂ ਕਵਿਤਾਵਾਂ ਦਾ ਅਰੰਭਿਕ ਕਾਲ ਸੋਵੀਅਤ ਸਮਾਜਵਾਦ ਦੀ ਸਥਾਪਨਾ, ਭਾਰਤੀ ਕਮਿਊਨਿਸਟ ਪਾਰਟੀ ਦਾ ਬੋਲਬਾਲਾ, ਸਰਬਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੀਆਂ ਸਰਗਰਮੀਆਂ ਆਦਿ ਤੋਂ ਪ੍ਰਭਾਵਿਤ ਹੈ। ਪੰਜਾਬ ਅਤੇ ਭਾਰਤ ਵਿਚ ਇਹ ਅਜਿਹਾ ਦੌਰ ਸੀ ਜਦੋਂ ਇਕ ਅਜਿਹੇ ਸਿਆਸੀ ਤੇ ਸਭਿਆਚਾਰਕ ਮਾਹੌਲ ਦੀ ਸਿਰਜਣਾ ਹੋ ਰਹੀ ਸੀ ਜਿਸ ਵਿਚ ਸਮਾਜਵਾਦੀ ਮਾਨਵੇਵਾਦ ਅਤੇ ਮਾਰਕਸੀ ਵਿਚਾਰਾਂ ਦੀ ਚਰਚਾ ਆਮ ਹੋ ਰਹੀ ਸੀ। ਇਸ ਚਰਚਾ ਵਿਚ ਗਰੀਬ ਕਿਸਾਨੀ ਅਤੇ ਸ਼ੋਸ਼ਤ ਕਿਰਤੀ ਕਿਸਾਨ ਲੋਕਾਈ ਦੀ ਗੱਲ ਪ੍ਰਮੁੱਖਤਾ ਨਾਲ ਉਠਾਈ ਜਾਂਦੀ ਸੀ। ਇਸ ਪ੍ਰਭਾਵ ਹੇਠ ਹੀ ਆਲਮ ਮਜ਼ਦੂਰਾਂ ਅਤੇ ਕਿਸਾਨਾਂ ਬਾਰੇ ਕਵਿਤਾਵਾਂ ਲਿਖਦਾ ਹੈ। 'ਜੱਟ' ਨਾਂ ਦੀ ਕਵਿਤਾ ਵਿਚ ਉਹ ਗ਼ਰੀਬ ਜੱਟ ਕਿਸਾਨੀ ਦੇ ਦੁਖੜਿਆਂ ਅਤੇ ਬਿਸਵੇਦਾਰਾਂ ਅਤੇ ਸ਼ਾਹੂਕਾਰਾਂ ਦੁਆਰਾ ਹੁੰਦੀ ਲੁੱਟ ਨੂੰ ਵਿਸ਼ਾ ਬਣਾਉਂਦਾ ਹੋਇਆ ਲਿਖਦਾ ਹੈ -

**ਜੇਠ ਹਾੜ ਦੀ ਗਰਮੀ ਝੱਲਾਂ, ਪੋਹ ਮਾਘ ਦਾ ਪਾਲਾ।**
**ਬੋਹਲ ਬਣੇ ਤਾਂ ਛੇਈਂ ਮਹੀਨੀ, ਚੁੱਕ ਲਿਜਾਵੇ ਲਾਲਾ।**
**ਲੋਕੀਂ ਕਹਿੰਦੇ ਜਨਮ ਮਨੁੱਖ ਦਾ, ਹੈ ਦੁਰਲੱਭ ਅਣਮੁੱਲਾ।**
**ਸੱਚ ਪੁੱਛੋ ਤਾਂ ਦੁਨੀਆਂ ਅੰਦਰ ਮੈਂ ਤੇ ਜੰਮ ਕੇ ਭੁੱਲਾ।**

ਆਲਮ ਆਪਣੀਆਂ ਕਵਿਤਾਵਾਂ ਵਿਚ ਜਮਾਤੀ ਚੇਤਨਾ ਦੇ ਨਾਲ-ਨਾਲ ਜਾਤੀ ਚੇਤਨਾ ਨੂੰ ਪੇਸ਼ ਕਰਨਾ ਵੀ ਲਾਜ਼ਮੀ ਸਮਝਦਾ ਹੈ। ਇਸ ਮਕਸਦ ਨੂੰ ਮੁੱਖ ਰੱਖ ਕੇ ਉਹ ਸਮਾਜ ਵਿਚ ਫੈਲੀ ਜਾਤੀ ਤੇ ਛੂਤ-ਛਾਤ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਾ ਹੋਇਆ ਇਸਦੇ ਹੱਲ ਲਈ ਵੀ ਜਮਾਤੀ-ਸੰਘਰਸ਼ ਨੂੰ ਪਹਿਲ ਦਿੰਦਾ ਹੈ। ਇਹੋ ਕਾਰਨ ਹੈ ਕਿ ਉਹ ਮਾਰਕਸ ਨੂੰ ਇਕ ਅਜਿਹਾ ਵੈਦ ਮੰਨਦਾ ਹੈ ਜੋ ਕਈ ਰੋਗਾਂ ਦੇ ਦੁੱਖੜੇ ਦੂਰ ਕਰਦਾ ਹੈ। ਆਪਣੀ ਕਵਿਤਾ 'ਭਾਰਤੀ ਸੋਧੂਵਾਦ ਨੂੰ' ਵਿਚ ਜਿੱਥੇ ਵਰਗ ਸੰਘਰਸ਼ ਅਤੇ ਕਮਿਊਨਿਸਟਾਂ ਦੇ ਸੋਧਵਾਦ ਤੋਂ ਪਰਦਾ ਚੁੱਕਦਾ ਹੈ ਉਥੇ ਉਹ ਮਾਰਕਸਵਾਦੀ ਵਿਚਾਰਧਾਰਾ ਨੂੰ ਅਪਨਾਏ ਲੀਡਰਾਂ ਦਾ ਸਤਿਕਾਰ ਵਿਚ ਲਿਖਦਾ ਹੈ -

**ਤੂੰ ਨਹੀਂ ਜਾਣਦਾ ਥੋਹੜਿਆਂ ਦਿਨਾਂ ਤੀਕਰ,**
**ਆਲਮ ਤੈਥੋਂ ਹਿਸਾਬ ਵੀ ਮੰਗਦਾ ਏ।**
**ਚੁੱਕ ਕੇ ਟਿੰਡ ਫਹੁੜੀ ਰਾਹ 'ਚੋਂ ਪਰੇ ਹੋ ਜਾ,**

ਏਥੋਂ ਲੋਕਾਂ ਦਿਆਂ ਲੀਡਰਾਂ ਲੰਘਣਾ ਏਂ।

ਆਲਮ ਨੇ ਦਲਿਤ ਦੇ ਆਜ਼ਾਦੀ ਦੇ ਮਸਲੇ ਨੂੰ ਵੀ ਕਿਰਤ ਦੀ ਇਕਮੁੱਠਤਾ ਤੇ ਜਮਾਤੀ ਜੰਗ ਦੇ ਨੁਕਤੇ ਤੋਂ ਉਭਾਰਿਆ ਹੈ। ਆਲਮ ਦੀ ਕਵਿਤਾ ਵਿਚਲਾ ਦਲਿਤ ਕੇਵਲ ਆਪਣੀ ਬੰਦ-ਖਲਾਸੀ ਲਈ ਨਹੀਂ ਲੜਦਾ ਬਲਕਿ ਸਮੁੱਚੀ ਕਿਰਤੀ ਤੇ ਕਿਸਾਨੀ ਜਮਾਤ ਦੀ ਸੰਪੂਰਨ ਆਜ਼ਾਦੀ ਲਈ ਲੜਦਾ ਹੈ। ਆਲਮ ਦਾ ਇਸ਼ਾਰਾ ਬਿਲਕੁਲ ਸਪੱਸ਼ਟ ਹੈ ਕਿ ਧਰਮ ਜਾਂ ਜਾਤ-ਪਾਤ ਦੇ ਫ਼ਰਕ ਕਰਕੇ ਕਿਰਤੀ ਕਿਸਾਨ ਜਮਾਤ ਵਿਚ ਜੋ ਪਾਟੋਧਾੜ ਪਈ ਹੋਈ ਹੈ ਉਸ ਤੋਂ ਉਪਰ ਉੱਠਣ ਦੀ ਲੋੜ ਹੈ। ਆਲਮ ਜਾਣਦਾ ਹੈ ਕਿ ਕਿਰਤੀ-ਕਿਸਾਨਾਂ ਦੇ ਇਕਮੁੱਠ ਹੋ ਕੇ ਜੂਝਣ ਵਿਚ ਹੀ ਇਨ੍ਹਾਂ ਦੀ ਖੁਸ਼ਹਾਲੀ, ਖੁਸ਼ੀ ਤੇ ਸੁਤੰਤਰਤਾ ਦਾ ਭੇਤ ਛੁਪਿਆ ਹੋਇਆ ਹੈ। ਇਹੋ ਕਾਰਨ ਹੈ ਕਿ ਆਲਮ ਦਾ ਪ੍ਰਗਤੀਵਾਦ ਪੰਜਾਬੀ ਦੀ ਪ੍ਰਗਤੀਸ਼ੀਲ ਕਾਵਿ-ਧਾਰਾ ਵਿਚ ਇਕ ਅਹਿਮ ਪੜਾਅ ਹੈ। ਇਹ ਪ੍ਰਗਤੀਸ਼ੀਲ ਕਾਵਿ-ਚੇਤਨਾ ਦਾ ਇਕ ਵਡਮੁੱਲਾ ਸਰਮਾਇਆ ਹੈ। ਆਪਣੀ ਇਸੇ ਪ੍ਰਗਤੀਸ਼ੀਲ ਕਾਵਿ-ਪ੍ਰਕਾਰਜ ਤੋਂ ਆਲਮ ਆਰੰਭਲੇ ਵਰ੍ਹਿਆਂ ਤੋਂ ਲੈ ਕੇ ਅੰਤਲੇ ਵਰ੍ਹਿਆਂ ਤੀਕ ਸੁਚੇਤ ਰਿਹਾ ਹੈ। ਆਲਮ ਦੀਆਂ ਕਵਿਤਾਵਾਂ ਜਿੱਥੇ ਕਿਰਤੀ-ਕਿਸਾਨ ਅੰਦੋਲਨ ਦਾ ਸਮਰਥਨ ਕਰਦੀਆਂ ਹਨ ਉਥੇ ਨਹਿਰੂ ਸਰਕਾਰ ਤੇ ਜਗੀਰੂ ਸਮਾਜਿਕ ਰਿਸ਼ਤਿਆਂ ਦਾ ਖੰਡਨ ਵੀ ਕਰਦੀਆਂ ਹਨ। ਆਲਮ ਦੀ ਕਵਿਤਾ ਦਾ ਕਾਵਿਕ ਮਨੋਰਥ ਯਥਾਰਥ ਦੀ ਜਟਿਲਤਾ ਨੂੰ ਪੇਸ਼ ਕਰਦੇ ਹੋਏ ਆਪਣੇ ਪਾਠਕ ਸਰੋਤੇ ਦੀ ਮਾਨਸਿਕਤਾ ਦੀ ਕ੍ਰਾਂਤੀਕਾਰੀ ਮਨੋਦਿਸ਼ਾ ਦੀ ਸਿਰਜਣਾ ਕਰਨਾ ਵੀ ਹੈ। ਆਲਮ ਦੀ ਕਵਿਤਾ ਦਲਿਤ ਵਰਗ ਦੀ ਦਰਿਦਰਤਾ, ਦੁੱਖ ਦੇ ਦੁਰਦਸ਼ਾ ਦੇ ਚਿਤ੍ਰਣ ਦੇ ਨਾਲ-ਨਾਲ ਉਨ੍ਹਾਂ ਦੀ ਸੂਝ ਅਤੇ ਮਰ ਮਿਟਣ ਦੇ ਜਜ਼ਬੇ ਨੂੰ ਵੀ ਸਾਕਾਰ ਕਰਦੀ ਹੈ। ਦਲਿਤ-ਸ਼ੋਸ਼ਤ ਜਮਾਤਾਂ ਵਿਚਲੀ ਸ਼ਕਤੀ ਨੂੰ ਨਿੱਗਰ ਰੂਪ ਵਿਚ ਪੇਸ਼ ਕਰਨਾ ਆਲਮ ਕਾਵਿ ਦੀ ਖੂਬਸੂਰਤੀ ਹੈ ਭਾਵੇਂ ਕਿ ਇਹ ਉਸਦੀ ਕਵਿਤਾ ਨੂੰ ਪ੍ਰਚਾਰ ਜਾਂ ਨਾਹਰੇ ਦੀ ਸ਼ੈਲੀ ਪ੍ਰਦਾਨ ਕਰਦੀ ਹੈ। ਪਰ ਸਾਡਾ ਮੰਨਣਾ ਹੈ ਕਿ ਨਾਇਕ, ਪ੍ਰਚਾਰ ਤੇ ਨਾਹਰਾ ਪ੍ਰਗਤੀਸ਼ੀਲ ਕਵਿਤਾ ਦੀਆਂ ਲੋੜਾਂ ਹਨ ਅਤੇ ਆਲਮ ਦੀਆਂ 'ਜਾਗ ਪਏ ਮਜ਼ਦੂਰ', 'ਇਨਕਲਾਬੀ ਆਗੂ' ਵਰਗੀਆਂ ਕਵਿਤਾਵਾਂ ਕਿਰਤੀ ਤੇ ਕਿਸਾਨੀ ਵਰਗ ਦੀ ਚੇਤਨਾ ਤੇ ਸ਼ਕਤੀ ਦੀਆਂ ਕਵਿਤਾਵਾਂ ਹਨ। ਉਸ ਨੇ ਲਿੱਸਿਆਂ ਤੇ ਲਤਾੜਿਆਂ ਨੂੰ ਪ੍ਰਗਤੀਸ਼ੀਲ ਸਿਧਾਂਤਕ ਸੂਝ ਨਾਲ ਜੋੜਨ ਦੀ ਸੁਚੇਤ ਕੋਸ਼ਿਸ਼ ਕੀਤੀ ਹੈ ਅਤੇ ਭਵਿੱਖ ਪ੍ਰਤੀ ਆਸਵੰਦ ਹੋ ਕੇ ਮੁੜ ਛੇਤੀ ਆਉਣ ਦੀ ਕਾਮਨਾ ਵੀ ਕੀਤੀ ਹੈ -

ਮੈਂ ਲੈ ਕੇ ਕਰਦ ਕਵਿਤਾ ਦੀ, ਹਿੱਸਾ ਆਪਣਾ ਵੀ ਪਾਵਾਂਗਾ।
ਤਸੱਲੀ ਰੱਖ ਮੇਰੀ ਸੱਜਣੀ, ਮੈਂ ਛੇਤੀ ਪਰਤ ਆਵਾਂਗਾ।

ਆਲਮ ਜਿਹੇ ਪ੍ਰਤੀਬੱਧ ਤੇ ਸਿਰਕੱਢ ਸ਼ਾਇਰ ਦੇ ਛੇਤੀ ਪਰਤ ਆਉਣ ਦਾ ਸਾਨੂੰ ਬੇਸਬਰੀ ਨਾਲ ਇੰਤਜ਼ਾਰ ਰਹੇਗਾ।

ਮੋਬਾ. 98149-02040





# ਨਕੂਸ਼ ਦਾ ਮੰਟੋ ਵਿਸ਼ੇਸ਼ ਅੰਕ

"ਯਾਰ ਮੰਟੋ ਨੰਬਰ ਕੱਢੋ"

"ਜੀ।"

"ਮੈਂ ਕਹਿੰਦਾ ਹਾਂ, ਨਕੂਸ਼ ਦਾ ਮੰਟੋ ਨੰਬਰ ਕੱਢੋ।"

"ਅੱਜ ਤੁਸੀਂ ਕਿਹੋ ਜਿਹੀਆਂ ਕਰਦੇ ਹੋ।"

"ਤੇਰਾ ਖ਼ਿਆਲ ਹੈ ਕਿ ਮੈਂ ਨਸ਼ੇ ਵਿਚ ਹਾਂ ਤੇ ਬਕਵਾਸ ਕਰ ਰਿਹਾ ਹਾਂ।"

"ਆਖ਼ਰ ਏਨੀ ਜਲਦੀ ਕੀ ਹੈ? ਛਪ ਜਾਵੇਗਾ।"

"ਮੈਂ ਇਸਦੀ ਉਡੀਕ ਨਹੀਂ ਕਰ ਸਕਦਾ। ਕਿ ਮੈਂ ਪਹਿਲਾਂ ਮਰ ਕੇ ਵਿਖਾਵਾਂ। ਫਿਰ ਨੰਬਰ ਛਪੇ।"

"ਮਰਨ ਦਾ ਨਾਂ ਨਾ ਲਵੋ। ਅਜੇ ਆਪ ਦੀ ਬੜੀ ਉਮਰ ਹੈ।"

"ਹੁਣ ਜੀ ਕੇ ਵੀ ਕੀ ਕਰੂੰਗਾ। ਹੁਣ ਤਾਂ ਮੈਂ ਖ਼ੁਦ ਹੀ ਮਰਨ ਤੇ ਰਾਜ਼ੀ ਹੋ ਗਿਆ ਹਾਂ।"

"ਹੱਛਾ, ਇਹ ਦੱਸ ਕਿ ਇਸ ਵਿਸ਼ੇਸ਼ ਅੰਕ ਵਿਚ ਕੀ-ਕੀ ਹੋਵੇਗਾ?"

"ਹੁਣ ਤੱਕ ਜਿੰਨੀਆਂ ਗਾਲ੍ਹਾਂ ਮਿਲੀਆਂ ਹਨ, ਉਹ ਸਭ ਤੋਂ ਪਹਿਲਾਂ ਛਪਣਗੀਆਂ। ਤੇ ਜਿੰਨੇ ਬੇਵਕੂਫ਼ਾਂ ਨੇ ਮੇਰੀ ਤਾਰੀਫ਼ ਕੀਤੀ ਹੈ, ਉਹ ਸਭ ਤੋਂ ਅਖ਼ੀਰ ਉੱਤੇ ਛਪੇਗੀ। ਵਿਚਕਾਰ ਮੇਰੇ ਤਿੰਨ-ਚਾਰ ਅਣਛਪੇ ਅਫ਼ਸਾਨੇ (ਕਹਾਣੀਆਂ) ਤੇ ਰੇਖਾ ਚਿੱਤਰ ਹੋਣਗੇ। ਹਾਲ ਦੀ ਘੜੀ ਤੈਨੂੰ ਜ਼ਿਆਦਾ ਚਿੰਤਾ ਕਰਨ ਦੀ ਲੋੜ ਨਹੀਂ। ਇਹ ਨੰਬਰ ਤੈਨੂੰ ਮੈਂ ਹੀ ਸੰਪਾਦਨ ਕਰ ਦੇਵਾਂਗਾ।"

"ਜੇ ਤੂੰ ਹੀ ਤਰਤੀਬ ਦੇ ਦੇਵੇਂਗਾ ਤਾਂ ਮੈਂ ਕੀ ਕਰਾਂਗਾ?"

"ਤੂੰ ਝਖ ਮਾਰੀਂ।"

"ਪਰ ਇਸ ਸਥਿਤੀ ਵਿਚ ਤੂੰ ਖ਼ੁਦ ਹੀ ਇਕ ਸੰਗ੍ਰਹਿ ਤਿਆਰ ਕਰ ਲੈ ਤੇ ਉਸਨੂੰ ਕਿਤਾਬੀ ਸ਼ਕਲ ਵਿਚ ਛਾਪ ਲੈ।"

"ਮੈਂ ਚਾਹੁੰਦਾ ਹਾਂ, ਨਕੂਸ਼ ਦਾ ਮੰਟੋ ਨੰਬਰ ਕੱਢੋ।

"ਤਾਂ ਫਿਰ ਇਸ ਅੰਕ ਦੀ ਤਰਤੀਬ ਤੇ ਸੰਪਾਦਨ ਨਾਲ ਕੋਈ ਸਬੰਧ ਨਹੀਂ ਹੋਵੇਗਾ। ਮੈਂ ਕਿਸੇ ਦੀ ਰਾਇ ਲੈਣੀ ਬਰਦਾਸ਼ਤ ਨਹੀਂ ਕਰ ਸਕਦਾ।"

"ਤੂੰ ਆਪਣੇ ਆਪ ਨੂੰ ਸਮਝਦਾ ਕੀ ਹੈਂ? ਕੀ ਤੂੰ ਮੇਰੇ ਨਾਲੋਂ ਜ਼ਿਆਦਾ ਕਾਬਿਲ ਹੈਂ?"

"ਕਾਬਲੀਅਤ ਨੂੰ ਛੱਡੋ। ਇਹ ਮਾਮਲਾ ਜ਼ਿੰਮੇਵਾਰੀ ਦਾ ਹੈ।"

"ਜ਼ਿੰਮੇਵਾਰੀ ਨੂੰ ਛੱਡੋ। ਇਹ ਮਾਮਲਾ ਕਾਬਲੀਅਤ ਦਾ ਹੈ।"

"ਇਸ ਮਾਮਲੇ ਵਿਚ ਮੈਨੂੰ ਤੇਰੀ ਕਾਬਲੀਅਤ ਤੋਂ ਇਨਕਾਰ ਹੈ।"

"ਚੰਗਾ ਫਿਰ ਤੂੰ ਜੋ ਮੇਰੀ ਦੁਰਗਤ ਬਣਾਉਣੀ ਚਾਹੁੰਦਾ ਹੈਂ ਮੇਰੀ ਜ਼ਿੰਦਗੀ ਵਿਚ ਹੀ ਬਣਾ ਲੈ।"

ਭਾਵੇਂ ਇਹ ਘਟਨਾ ਇਕ ਵਰ੍ਹੇ ਪਹਿਲਾਂ ਦੀ ਹੈ, ਪਰ ਮੈਂ ਅੱਜ ਵੀ ਇਹ ਨੰਬਰ ਮੰਟੋ ਦੀ ਜ਼ਿੰਦਗੀ ਵਿਚ ਹੀ ਛਾਪ ਰਿਹਾ ਹਾਂ। ਇਸ ਵਾਸਤੇ ਮੰਟੋ ਕਿਸੇ ਹੋਰ ਦੇ ਖ਼ਿਆਲ ਵਿਚ ਮਰ ਗਿਆ ਹੋਵੇ। ਮੇਰੇ ਖ਼ਿਆਲ ਵਿਚ ਉਹ ਮਰਿਆ ਨਹੀਂ। •

- ਮੁਹੰਮਦ ਤੁਫ਼ੈਲ, ਸੰਪਾਦਕ ਨਕੂਸ਼, ਲਾਹੌਰ

ਕਹਾਣੀ

# ਛੇਤੀ ਬੌੜ੍ਹੀਂ ਵੇ ਤਬੀਬਾ

- ਦੀਪ ਦੇਵਿੰਦਰ ਸਿੰਘ

ਆਪਣੇ ਪਿੰਡ ਵਾਲੇ ਫੌਜੀ ਰਤਨ ਸਿੰਹੁ ਦੇ ਮਰਨ ਦੀ ਸਾਰੇ ਪਿੰਡ 'ਚ ਬੜੀ ਚਰਚਾ ਛਿੜੀ ਸੀ। ਸਿਖ਼ਰ ਦੁਪਹਿਰੇ ਉਪਲਾਂ ਦੇ ਮੈਰ੍ਹੇ 'ਚ ਝੋਨਾ ਲਾਉਂਦਿਆਂ ਦਿਮਾਗ ਦੀ ਨਾੜੀ ਫੱਟਣ ਨਾਲ ਮਰਿਆ ਸੀ ਉਹ। ਪਿੰਡ 'ਚ ਜਿਹੜਾ ਵੀ ਸੁਣਦਾ ਯਕੀਨ ਨਾ ਕਰਦਾ। ਸੁਣ ਕੇ ਹੱਕਾ-ਬੱਕਾ ਰਹਿ ਜਾਂਦਾ ਤੇ ਆਪਣੇ ਲਾਗਲੇ ਨੂੰ ਹੈਰਾਨੀ ਜਿਹੀ 'ਚ ਕਹਿੰਦਾ 'ਕਿਤੇ ਲੋਕ ਖੰਭਾਂ ਦੀਆਂ ਡਾਰਾਂ ਤਾਂ ਨਹੀਂ ਬਣਾਈ ਜਾਂਦੇ।' ਫੌਜੀ ਆਪਣਾ ਤਾਂ ਕਲ੍ਹ ਸਾਡੇ ਨਾਲ ਗਿਆ ਸੀ ਟਰੱਕ 'ਚ ਬੈਠ ਕੇ। ਗੁਰੂ ਘਰਾਂ ਦੇ ਦਰਸ਼ਨ ਕਰਨ। ਸਾਰੇ ਰਾਹ ਆਪ ਢੋਲਕੀ ਵਜਾ ਕੇ ਸ਼ਬਦ ਪੜ੍ਹਦਾ ਰਿਹਾ। ਫਿਰ ਰਾਜ਼ੀ ਖੁਸ਼ੀ ਰਾਤੀਂ ਪਿੰਡ ਆਇਆ। ਇਹ ਕਿੱਦਾਂ ਹੋ ਸਕਦਾ। ਹਰ ਕੋਈ ਸੋਚ ਰਿਹਾ ਸੀ।

ਪਿੰਡ ਦੀ ਲਹਿੰਦੀ ਗੁੱਠੇ, ਛੱਪੜ ਦੇ ਪਾਰਲੇ ਕੰਢੇ ਕੰਮੀਆਂ ਦੇ ਮਸਾਣਾਂ 'ਚ ਟੀਨ ਦੇ ਸ਼ੈੱਡ ਹੇਠਾਂ ਫੌਜੀ ਰਤਨ ਸਿੰਹੁ ਦੇ ਲੱਟ-ਲੱਟ ਮੱਚਦੇ ਸਿਵੇ ਨੂੰ ਮੈਂ ਪਰ੍ਹਾ ਹਟਵਾਂ ਖਲੋਤਾ ਵੇਖ ਰਿਹਾ ਸਾਂ। ਚਿਖਾ 'ਚੋਂ ਉੱਠਦਾ ਘਸਮੈਲੇ ਜਿਹੇ ਰੰਗ ਦਾ ਧੂੰਆਂ ਵਿੰਗੇ-ਟੇਢੇ ਰਾਹ ਬਣਾਉਂਦਾ ਦੂਰ ਨੀਲੇ ਅੰਬਰਾਂ ਦੇ ਖੁੱਲੇ ਖਲ੍ਹਾਅ ਜਾ ਕੇ ਖਿੰਡ-ਪੁੰਡ ਰਿਹਾ ਸੀ। ਮੇਰੇ ਆਸ ਪਾਸ ਖੜ੍ਹੇ ਲੋਕ ਅਜਿਹੇ ਮਾਤਮੀ ਮਾਹੌਲ 'ਚ ਨਿੱਕੀਆਂ-ਨਿੱਕੀਆਂ ਗੱਲਾਂ ਕਰ ਰਹੇ ਸਨ। ਇਹ ਵੀ ਸ਼ੈਅ ਮੇਰੀ ਐ, ਉਹ ਵੀ ਮੇਰੀ ਐ ਕਰਦਾ ਬੰਦਾ ਖਪੀ ਜਾਂਦੈ। ਘਰ ਬਾਹਰ ਨੂੰ ਜੱਫੇ ਮਾਰਦਾ। ਇੱਥੇ ਆ ਕੇ ਜਦੋਂ ਸਾਢੇ ਤਿੰਨ ਹੱਥ ਜ਼ਿਮੀ 'ਤੇ ਲੱਗੀ ਲੱਕੜਾਂ ਦੀ ਢੇਰੀ ਤੇ ਆਣ ਪੈਂਦਾ ਤਾਂ ਮੁੱਕ ਜਾਂਦੇ ਸਭ ਕੁਝ।

ਸਭ ਕੁਝ ਛਡ-ਛੁਡਾ ਕੇ ਫੌਜੀ ਰਤਨ ਸਿੰਹੁ ਵੀ ਚਿੱਟੇ ਕੋਰੇ ਲੱਠੇ 'ਚ ਲਪੇਟਿਆ ਨੌਂ ਮਣ ਲੱਕੜਾਂ ਦੇ ਮੱਚਦੇ ਅੱਗ ਦੇ ਭਾਬੜਾਂ 'ਚ ਘਿਰਿਆ ਮੇਰੇ ਸਾਹਮਣੇ ਸੀ। ਉਸਦੀ ਜੀਵਨ ਜਾਚ ਮੇਰੀਆਂ ਸੋਚਾਂ ਦਾ ਹਿਸਾ ਬਣਦੀ ਐ। ਮੈਂ ਸਕੂਲ ਪੜ੍ਹਦਾ ਹੁੰਦਾ ਸੀ ਉਦੋਂ ਜਦੋਂ ਫੌਜੀ ਪੈਨਸ਼ਨ ਪਾ ਕੇ ਘਰ ਆ ਗਿਆ ਸੀ। ਉਹ ਹੱਟੀਆਂ ਭੱਠੀਆਂ 'ਤੇ ਬੈਠਾ ਅਕਸਰ ਦੱਸਿਆ ਕਰਦਾ ਸੀ ਕਿ ਮਜ਼੍ਹਬੀ ਸਿੱਖ ਹੋਣ ਕਰਕੇ ਫੌਜ ਦੀ ਸਿਖਲਾਈ ਇੰਫੈਂਟਰੀ 'ਚ ਭਰਤੀ ਹੋਇਆ ਸੀ ਤੇ ਆਪਣੀ ਪਲਟਣ ਵਲੋਂ ਪੈਂਹਠ ਅਤੇ ਘਹੱਤਰ ਦੀਆਂ ਜੰਗਾਂ 'ਚ ਹਿਸਾ ਵੀ ਲਿਆ ਸੀ। ਉਹ ਫੌਜੀ ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਦੱਸਦਾ ਤੇ ਲੋਕ ਰੀਝ ਨਾਲ ਸੁਣਦੇ। ਹੁਨਾਲ ਹੁੰਦਾ ਜਾਂ ਸਿਆਲ, ਪਿੰਡ ਆਏ ਫੌਜੀ ਨੂੰ ਜਦੋਂ ਵੀ ਵੇਖੋ ਪੋਚਵੀਂ ਪੱਗ, ਡੋਰੀ ਪਾ ਕੇ ਬੰਨ੍ਹੀ ਦਾੜ੍ਹੀ, ਸੂਟ-ਬੂਟ ਪਾ ਕੇ ਤਿਆਰ-ਬਰ-ਤਿਆਰ ਹੀ ਵਿਖਾਈ ਦਿੰਦਾ ਸੀ।

ਕੁਝ ਸਮਾਂ ਪਿੰਡ ਰਹਿ ਕੇ ਉਹ ਸਾਈਕਲ ਪਿੱਛੇ ਟੋਕਰੀ ਬੰਨ੍ਹ ਕੇ ਸਬਜ਼ੀ ਵੇਚਣ ਲੱਗਿਆ ਸੀ। ਸਾਈਕਲ ਦੇ ਕੈਰੀਅਲ ਹੇਠਾਂ ਉਹ ਚਾਰ ਕੁ ਫੁੱਟ ਪਤਲੀ ਜਿਹੀ ਸੋਟੀ ਅੜਾ ਕੇ ਰੱਖਦਾ ਹੁੰਦਾ ਸੀ। ਪਿੰਡ ਦੀਆਂ ਗਲੀਆਂ 'ਚ ਘੁੰਮਦਿਆਂ ਜਦ ਕਿਸੇ ਨਾਲੀ 'ਚ ਕੱਖ-ਕਾਨ ਅੜਿਆ ਵੇਖਦਾ ਤਾਂ ਝੱਟ ਆਪਣਾ ਸਾਈਕਲ ਕੰਧ ਨਾਲ ਢੋਅ ਲਾ ਕੇ ਖੜ੍ਹਾ ਕਰਦਾ ਸੀ। ਸਾਈਕਲ 'ਚ ਅੜਾਈ ਸੋਟੀ ਕੱਢ ਕੇ ਨਾਲੀ 'ਚ ਅੜੇ ਕੱਖ-ਕਾਨ ਨੂੰ ਬਾਹਰ ਕੱਢਦਾ। ਖਲੋਤੇ ਪਾਣੀ ਨੂੰ ਰਵਾਂ ਕਰਦਾ। ਰਸਤੇ ਵਿਚ ਪਏ ਇੱਟ-ਵੱਡੇ ਜਾਂ ਛਾਪੇ ਢੀਂਗਰ ਨੂੰ ਚੁੱਕ ਕੇ ਦੂਰ ਖਤਾਨਾਂ 'ਚ ਵਗਾਹ ਮਾਰਦਾ। ਰਾਹ ਵਿਚਲੇ ਟੋਏ ਟਿੱਬਿਆਂ 'ਚ ਮਿੱਟੀ ਪਾ ਕੇ ਲੋਕਾਂ ਦੇ ਆਉਣ ਜਾਣ ਦਾ ਰਾਹ ਪੱਧਰਾ ਕਰਦਾ। ਗਲੀਆਂ 'ਚ ਫਿਰਦੇ ਨਿਆਣਿਆਂ ਨੂੰ ਆਪ ਉਨ੍ਹਾਂ ਦੀ ਉਂਗਲ ਫੜ ਕੇ ਪ੍ਰਾਇਮਰੀ ਸਕੂਲ 'ਚ ਪੜ੍ਹਾਉਂਦੇ ਵੱਡੇ ਮਾਸਟਰ ਸਾਹਮਣੇ ਵਿਛੇ ਤੱਪੜ ਉੱਤੇ ਬਿਠਾ ਕੇ ਆਉਂਦਾ ਹੁੰਦਾ ਸੀ। ਪਿੰਡ 'ਚ ਘਰ ਵਿਆਹ ਸ਼ਾਦੀ ਹੁੰਦਾ ਜਾਂ ਮਰਨਾ ਪਰਨਾ, ਫੌਜੀ ਸਾਰੇ ਕੰਮ ਛੱਡ ਅਗਲਿਆਂ ਦੇ ਘਰ ਜਾ ਪਹੁੰਚਦਾ ਸੀ ਕੰਮ ਧੰਦਾ ਕਰਵਾਉਣ ਲਈ।

ਮੈਨੂੰ ਚੇਤੇ ਐ ਸਿਆਲਾਂ ਦੇ ਠੰਢੇ ਯਖ ਮੌਸਮ 'ਚ ਪ੍ਰਭਾਤ ਫੇਰੀ ਨਿਕਲਦੀ ਤਾਂ ਫੌਜੀ ਸਾਰੇ ਪਿੰਡ ਦੀ ਅਗਵਾਈ ਕਰਦਾ ਹੁੰਦਾ ਸੀ। ਮੂੰਹ ਹਨ੍ਹੇਰੇ ਗਲ 'ਚ ਢੋਲਕੀ ਪਾ ਕ ਸਭ ਤੋਂ ਮੂਹਰੇ ਹੋ ਕੇ ਤੁਰਦਾ। ਤਾਰਿਆਂ ਦੀ ਮੱਠੀ-ਮੱਠੀ ਲੋਅ 'ਚ ਪਿੰਡ ਦੀ ਫਿਰਨੀ ਦੇ ਕੰਢੇ-ਕੰਢੇ ਨੰਗੇ ਪੈਰੀਂ ਤੁਰਦਿਆਂ ਲੈਅ 'ਚ ਆਇਆ ਫੌਜੀ ਨਿੰਮੀ-ਨਿੰਮੀ ਆਵਾਜ਼ 'ਚ ਸ਼ਬਦ ਪੜ੍ਹਦਾ।

ਮੈਂ ਕਿਥੇ ਗੁਜ਼ਾਰਾ ਝੱਟ ਸਾਈਆਂ,<br>
ਜਗ ਕਿਸੇ ਗੱਲੇ ਨਾ ਰਾਜ਼ੀ।

ਫੌਜੀ ਦੀ ਜ਼ੁਬਾਨ ਤੋਂ ਨਿਕਲਿਆ ਕੱਲਾ-ਕੱਲਾ ਸ਼ਬਦ ਦਿਲ ਤੇ ਦਿਮਾਗ ਨੂੰ ਠੰਢਕ ਪਹੁੰਚਾਉਂਦਾ ਤੇ ਅੰਮ੍ਰਿਤ ਵੇਲੇ ਪਿੰਡ ਦੀ ਫਿਜ਼ਾ ਹੋਰ ਸੁਹਾਵਣੀ ਤੇ ਨਿਖਰੀ ਨਿਖਰੀ ਲੱਗਦੀ। ਹਰ ਕੋਈ ਐਸਾ ਮੰਤਰ ਮੁਗਧ ਹੋਇਆ ਹੁੰਦਾ ਕਿ ਉਹਦੇ ਪਿੱਛੇ-ਪਿੱਛੇ ਫਿਰਨੀ ਦੇ ਕੰਢੇ-ਕੰਢੇ ਤੁਰਦਿਆਂ ਪਤਾ ਹੀ ਨਾ ਲੱਗਦਾ ਕਿ ਕਦੋਂ ਅੱਧੇ ਪਿੰਡ ਦਾ ਗੇੜਾ ਲੱਗ ਜਾਂਦਾ ਸੀ।

ਕੋਈ ਨਹੀਂ ਸੀ ਜਾਣਦਾ ਕਿ ਵਾਪਰੀ ਘਟਨਾ ਨਾਲ ਫੌਜੀ ਟੁੱਟ ਜਾਵੇਗਾ। ਕਲ੍ਹ ਰਾਤੀਂ ਮੈਂ ਆਪ ਦੇਖਿਆ ਸੀ ਜਦੋਂ ਵੱਡੇ ਗੁਰਦੁਆਰੇ ਦੇ ਲਾਗੇ ਖਲੋਤੇ ਯਾਤਰਾ ਵਾਲੇ ਟਰੱਕ ਵਿਚੋਂ ਉਹ ਹੇਠਾਂ ਉਤਰਿਆਂ ਸੀ ਤਾਂ ਉਸ ਦੀਆਂ ਦਿਮਾਗ ਦੀਆਂ ਨਸਾਂ ਦਾ ਤਣਾਉ ਸਿਖ਼ਰ 'ਤੇ ਲੱਗਦਾ ਸੀ। ਉਹ ਕਦੀ ਆਪਣੇ ਦੋਹਾਂ ਹੱਥਾਂ ਦੇ ਪੋਟਿਆਂ ਨਾਲ ਪੁੜਪੜੀਆਂ ਨੂੰ ਘੁੱਟ ਕੇ ਫੜਦਾ ਤੇ ਫਿਰ ਜ਼ੋਰ-ਜ਼ੋਰ ਝਪਕੀਆਂ ਜਿਹੀਆਂ ਮਾਰ ਕੇ ਸਿਰ ਨੂੰ ਛੰਡਦਾ। ਉਹ ਮੁੜ-ਮੁੜ ਆਪਣੇ ਮੱਥੇ 'ਤੇ ਟਪਕਦੀਆਂ ਪਸੀਨੇ ਦੀਆਂ ਬੂੰਦਾਂ ਨੂੰ ਆਪਣੇ ਗਲ ਪਾਏ ਕਮੀਜ ਦੇ ਕਫ਼ ਨਾਲ ਪੂੰਝਦਾ। ਲੱਤਾਂ ਧੂਹ-ਧੂਹ ਕੇ ਤੁਰਦਾ ਇਉਂ ਲੱਗਦਾ ਸੀ ਜਿਵੇਂ ਕਿਤੇ ਚਿਰਾਂ ਦਾ ਬਿਮਾਰ ਹੋਵੇ। ਉਹ ਬਿਨਾਂ ਕਿਸੇ ਨਾਲ ਬੋਲਿਆਂ ਚਾਲਿਆਂ ਆਪਣੇ ਘਰ ਨੂੰ ਜਾਂਦੀ ਤੰਗ ਗਲੀ ਵਾਲਾ ਮੋੜ ਮੁੜ ਗਿਆ ਸੀ।

ਫੌਜੀ ਦਾ ਵੱਡਾ ਮੁੰਡਾ ਵੀ ਅਫ਼ਸੋਸ ਕਰਨ ਆਇਔਾਂ ਨੂੰ ਦੱਸਦਾ ਕਿ ਘਰ ਜਾ ਕੇ ਵੀ ਉਹ ਉਖੜਿਆ-ਉਖੜਿਆ ਜਿਹਾ ਸੀ ਅਤੇ ਰਾਤੀਂ ਚੁੱਪ-ਚਾਪ ਕੋਠੇ ਉਪਰ ਡਿੱਠੀ ਮੰਜੀ 'ਤੇ ਜਾ ਪਿਆ ਸੀ। ਸਵੇਰੇ ਮੂੰਹ ਹਨ੍ਹੇਰੇ ਉਪਲਾਂ ਦੇ ਮੈਰੇ ਨੂੰ ਨਿਕਲ ਗਿਆ ਸੀ। ਜਿੱਥੋਂ ਉਹਨਾਂ ਮਰੇ ਨੂੰ ਮੰਜੇ ਤੇ ਪਾ ਕੇ ਘਰ ਲਿਆਂਦਾ ਸੀ। ਮੈਂ ਸੋਚਿਆ ਕਿ ਉਹ ਤਾਂ ਉਦੋਂ ਹੀ ਮਰ ਗਿਆ ਸੀ ਜਦੋਂ ਨਮੋਸ਼ੀ ਦਾ ਮਰਿਆ ਨਿੰਮੋਝਿਊਣਾ ਮੂੰਹ ਲੈ ਕੇ ਡੇਰੇ ਦੇ ਗੇਟ ਤੋਂ ਬਾਹਰ ਨਿਕਲਿਆ ਸੀ। ਕਿੰਨੇ ਚਾਅ ਅਤੇ ਸ਼ਰਧਾ ਨਾਲ ਫੌਜੀ ਘਰੋਂ ਬਾਕੀ ਪਿੰਡ ਵਾਲਿਆਂ ਨਾਲ ਧਾਰਮਿਕ ਸਥਾਨਾਂ ਦੀ ਯਾਤਰਾ ਨੂੰ ਨਿਕਲਿਆ ਸੀ। ਕਿਸੇ ਵੱਡੀ ਨਹਿਰ ਦੇ ਕੰਢੇ 'ਤੇ ਬਣੇ ਆਲੀਸ਼ਾਨ ਸਥਾਨ 'ਤੇ ਰੁਕੇ ਸੀ ਜਾ ਕੇ। ਸੰਗਤ 'ਚ ਬੈਠ ਕੇ ਫੌਜੀ ਨੇ ਦੂਜਿਆਂ ਨਾਲੋਂ ਉੱਚੇ-ਉੱਚੇ ਹੋ ਕੇ ਸੰਤਾਂ ਦੇ ਪ੍ਰਵਚਨ ਸੁਣੇ। ਲੰਮੇ-ਚੌੜੇ ਭਾਸ਼ਨ ਤੋਂ ਬਾਅਦ ਡੇਰੇ ਦੇ ਮੁਖੀ ਨੇ ਆਪਣੀ ਗੱਲ ਸਮੇਟਦਿਆਂ ਕਿਹਾ ਕਿ ਭਾਈ ਤੁਸੀਂ ਦੂਰੋਂ ਨੇੜਿਉਂ ਚੱਲ ਕੇ ਆਏ ਜੇ, ਤੁਹਾਡੇ ਆਇਆਂ ਦਾ ਇਕ-ਇਕ ਕਦਮ ਲੇਖੇ 'ਚ ਲੱਗਿਆ। ਤੁਹਾਡਾ ਆਉਣਾ ਸਫਲ ਹੋਇਆ। ਇਕ ਬੇਨਤੀ ਸਾਡੀ ਜ਼ਰੂਰ ਮੰਨਿਉਂ ਜੇ, ਕੋਈ ਵੀ ਮਾਈ ਭਾਈ ਪ੍ਰਸ਼ਾਦਾ ਛਕਣ ਤੋਂ ਬਗੈਰ ਨਾ ਜਾਇਉ। ਹਾਂ, ਇੱਕ ਗੱਲ ਦਾ ਖ਼ਾਸ ਖ਼ਿਆਲ ਰੱਖਿਉ, ਤੁਹਾਡੇ 'ਚ ਕੋਈ ਮਜ਼ਬੀ ਸਿੱਖ ਜਾਂ ਕੋਈ ਹੋਰ ਹੇਠਲੀ ਜਾਤੀ ਨਾਲ ਸਬੰਧਤ ਹੋਵੇ ਤਾਂ ਉਨ੍ਹਾਂ ਦਾ ਲੰਗਰ ਬਾਹਰ ਟੀਨ ਦੇ ਸ਼ੈੱਡ ਹੇਠਾਂ ਤਿਆਰ ਹੈ। ਉਥੇ ਹੀ ਬਰਤਨ ਪਏ ਨੇ। ਲੰਗਰ ਛਕ ਕੇ ਆਪੋ-ਆਪਣੇ ਭਾਂਡੇ ਉਥੇ ਹੀ ਧੋ ਕੇ ਮੂਧੇ ਮਾਰ ਜਾਇਉ ਜੇ। ਤ੍ਰੇਲ੍ਹੀਉ ਤ੍ਰੇਲੀ ਹੋਇਆ ਫੌਜੀ ਲੱਕ 'ਤੇ ਹੱਥ ਧਰ ਕੇ ਉੱਠਿਆ ਸੀ। ਉਹਦੇ ਚਿਹਰੇ 'ਤੇ ਛਾਈ ਪਿਲੱਤਣ ਵੇਖ ਕੇ ਲੱਗਦਾ ਸੀ ਜਿਵੇਂ ਉਹ ਚਾਹੁੰਦਾ ਹੋਵੇ ਕਿ ਧਰਤੀ ਦਾ ਕੜ ਪਾਟ ਜਾਵੇ ਤੇ ਉਹ ਉਹਦੇ ਵਿਚ ਹੀ ਗਰਕ ਹੋ ਜਾਵੇ। ਧੌਣ ਸੁੱਟੀ ਸਹਿਜ-ਸਹਿਜ ਤੁਰਦਿਆਂ ਉਹਦੇ ਪੈਰ ਮਣਾਂ-ਮੂੰਹੀਂ ਭਾਰੇ ਹੋ ਗਏ ਜਾਪਦੇ ਸਨ। ਬਿਨਾਂ ਕਿਸੇ ਨੂੰ ਉਡੀਕਿਆਂ ਨੀਵੀਂ ਪਾਈ ਉਹ ਟਰੱਕ ਦੇ ਡਾਲੇ 'ਚ ਲੱਤਾਂ ਲਮਕਾ ਕੇ ਜਾ ਬੈਠਾ ਤੇ ਅੰਦਰੇ-ਅੰਦਰ ਖ਼ਿਆਲਾਂ ਦੇ ਯੁੱਧ ਲੜਦਾ ਰਿਹਾ ਸੀ।

ਮੈਂ ਵੇਖਦਾ ਹਾਂ ਕਿ ਫੌਜੀ ਦੀ ਚਿਖਾ ਅੱਧਿਉਂ ਬਹੁਤੀ ਬਲ ਗਈ ਐ। ਦੋ ਤਿੰਨ ਜਣੇ ਬਾਂਸ ਦੀਆਂ ਲੰਮੀਆਂ ਧੁਖੜੀਆਂ ਨਾਲ ਬਲਦੇ ਚੋਆਂ ਨੂੰ ਉਹਦੇ ਛਾਤੀ ਵਾਲੇ ਹਿੱਸੇ ਲਾਗੇ ਇਕੱਠੇ ਕਰ ਰਹੇ ਹਨ ਤਾਂ ਜੋ ਸਰੀਰ ਦੇ ਬਾਕੀ ਹਿੱਸਿਆਂ ਨਾਲ ਛਾਤੀ ਦਾ ਸਸਕਾਰ ਵੀ ਵੇਲੇ ਸਿਰ ਹੋ ਸਕੇ।

ਲੋਕ ਹੌਲੀ-ਹੌਲੀ ਪਿੰਡ ਵੱਲ ਜਾ ਰਹੇ ਹਨ ਮੈਂ ਵੀ ਮੜ੍ਹੀਆਂ ਦੁਆਲੇ ਹੋਈ ਵਲਗਣ 'ਚੋਂ ਬਾਹਰ ਨਿਕਲ ਕੇ ਪਿੰਡ ਦੀ ਫਿਰਨੀ ਦੇ ਆਣ ਚੜ੍ਹਦਾ ਹਾਂ। ਮੈਨੂੰ ਲੱਗਦੈ ਜਿਵੇਂ 'ਮੈਂ ਕਿਥੇ ਗੁਜ਼ਾਰਾਂ ਝੱਟ ਸਾਈਆਂ' ਦਾ ਹੋਕਾ ਦਿੰਦੀ ਤੇ ਦਿਲ ਨੂੰ ਠੰਢਕ ਪਹੁੰਚਾਉਣ ਵਾਲੀ ਅਵਾਜ਼ ਪਿੰਡ ਦੀ ਫਿਜ਼ਾ 'ਚ ਖਾਮੋਸ਼ ਹੋ ਜਾਣ ਨਾਲ ਘੁੱਗ ਵੱਸਦਾ ਪਿੰਡ ਯਤੀਮ ਹੋ ਗਿਆ ਹੋਵੇ। •



ਤਿੰਨ ਕਵਿਤਾਵਾਂ

## ਜਸਵੀਰ ਸਿੰਘ ਧੀਮਾਨ

### ਸਾਨੂੰ ਪਤਾ ਨਹੀਂ

ਮੈਂ ਅਚਣਚੇਤ
ਪਿਛਲੇ ਸਮੇਂ 'ਚ ਪਹੁੰਚ ਜਾਂਦਾ ਹਾਂ
ਜਦੋਂ ਸਾਨੂੰ ਘੇਰ ਕੇ
ਲੈ ਜਾਇਆ ਜਾਂਦਾ ਸੀ
ਮੰਡੀ ਲੱਗਦੀ ਸੀ
ਸਾਡੀਆਂ ਸ਼ਕਲਾਂ, ਸਾਡੇ ਰੰਗ, ਸਾਡੇ ਅੰਗ
ਆਪਣੀ ਕੀਮਤ ਲਗਵਾਉਂਦੇ ਸਨ।

ਅਸੀਂ ਵੇਚੇ ਤੇ ਖ਼ਰੀਦੇ ਜਾਂਦੇ ਸਾਂ
ਸਾਡੇ ਆਕਾ ਬਦਲ ਜਾਂਦੇ ਸਨ
ਸਾਡੀ ਤਕਦੀਰ ਨਹੀਂ ਸੀ ਬਦਲਦੀ।

ਹੁਣ ਵੀ ਮਜ਼ਦੂਰ ਮੰਡੀ ਲੱਗਦੀ
ਅਸੀਂ ਪੇਸ਼ ਹੁੰਦੇ ਹਾਂ
ਮਿਹਨਤ ਕਰਦੇ ਹਾਂ
ਮਜ਼ਦੂਰੀ ਪਾਉਂਦੇ ਹਾਂ
ਪਰ ਸਾਡੀ ਤਕਦੀਰ ਨਹੀਂ ਬਦਲਦੀ।

ਕਦੀ ਕਦਾਈਂ ਸੁਣਦੇ ਹਾਂ
ਸਾਡੀ ਵੀ ਤਕਦੀਰ ਬਦਲੇਗੀ
ਪਰ ਕਦੋਂ ਬਦਲੇਗੀ
ਸਾਨੂੰ ਪਤਾ ਨਹੀਂ। •

### ਬੁੱਧ

ਮੈਂ ਧਿਆਨ 'ਚ ਗਿਆ
ਬੁਧ ਮਿਲੇ
ਉਹਨਾਂ ਨੇ ਕਿਹਾ
ਚੱਲ ਚਲੀਏ
ਮੈਂ ਉਹਨਾਂ ਵੱਲ ਵੇਖਿਆ
ਘਰ ਦਾ ਫ਼ਿਕਰ
ਘਰ ਦੇ ਬੂਹੇ ਤੇ ਲੈ ਆਇਆ।
ਮੈਂ ਪ੍ਰਾਸ਼ਚਿਤ ਕਰਦਿਆਂ
ਬੁੱਧ ਵਲ ਵੇਖਿਆ
ਉਹ ਸ਼ਾਂਤ ਤੇ ਅਡੋਲ
ਵਾਪਿਸ ਪਰਤ ਰਹੇ ਸਨ
ਮੈਂ ਘਰ ਪਰਤਿਆਂ ਵੀ
ਕਿਤੇ ਗੁੰਮ ਗਿਆ ਸਾਂ। •

### ਮੈਂ ਤੇ ਨਵਾਂ ਸ਼ਹਿਰ

ਆਪਣੇ ਮਨ ਨੂੰ ਜਦ ਵੀ ਮਿਲਿਆਂ
ਹਰ ਵਾਰ ਲੱਗਾ
ਕਿਸੇ ਨਵੇਂ ਨੂੰ ਮਿਲ ਰਿਹਾ ਹੋਵਾਂ
ਉਸਦੇ ਨਕਸ਼
ਵੇਖੇ ਹੋਏ ਨਕਸ਼ ਵਰਗੇ ਨਹੀਂ ਸਨ
ਉਸ ਦੀ ਮੁਸਕਾਨ
ਉਸਦੇ ਮੱਥੇ ਦੀ ਤਿਊੜੀ
ਪਹਿਲਾਂ ਕਦੀਂ ਨਜ਼ਰ ਨਹੀਂ ਆਈ ਸੀ
ਸਭ ਕੁਝ ਹਰ ਵਾਰ
ਨਵਾਂ ਤੇ ਵੱਖਰਾ
ਕਿਸੇ ਅਜਨਬੀ ਵਾਂਗ
ਜਿਸ ਨੂੰ ਪਹਿਚਾਣਦਾ
ਮੈਂ ਬੇ-ਪਹਿਚਾਣ ਹੋ ਜਾਂਦਾ
ਕਿਸੇ ਨਵੇਂ ਸ਼ਹਿਰ ਵਾਂਗ
ਜਿਸ ਵਿਚ ਮੈਂ ਘੁੰਮਦਾ ਹੋਇਆ
ਉਸਨੂੰ ਸਮਝਣ ਲੱਗਾ
ਉਸ ਦੀਆਂ ਗਲੀਆਂ ਵਿਚ ਗੁਆਚ ਜਾਂਦਾ
ਉਸਨੂੰ ਆਪਣਾ ਕਿਵੇਂ ਕਹਾਂ
ਉਹ ਮੇਰੇ ਨਾਲ ਰਹਿੰਦਾ ਹੋਇਆ
ਮੇਰਾ ਨਹੀਂ ਹੈ
ਅਜਨਬੀ ਹੈ
ਕਿਸੇ ਨਵੇਂ ਸ਼ਹਿਰ ਵਾਂਗ। •

# ਉਰਦੂ ਦੇ ਮਹਾਨ ਕਵੀ ਫ਼ੈਜ਼ ਅਹਿਮਦ ਫ਼ੈਜ਼ ਨਾਲ ਇਕ ਇੰਟਰਵਿਊ

(ਫ਼ੈਜ਼ ਅਹਿਮਦ ਫ਼ੈਜ਼ ਨਾਲ ਕੀਤਾ ਗਿਆ ਇਹ ਇੰਟਰਵਿਊ ਜਾਗ੍ਰਿਤੀ ਦੇ ਨਵੰਬਰ 1978 ਦੇ ਅੰਕ ਵਿਚੋਂ ਲਿਆ ਗਿਆ ਹੈ। ਇਸ ਉੱਤੇ ਲੇਖਕ ਦਾ ਨਾਂ ਦਰਜ ਨਹੀਂ ਹੈ। 1978 ਵਿਚ ਜਦ ਫ਼ੈਜ਼ ਸਾਹਿਬ ਭਾਰਤ ਅਥਵਾ ਚੰਡੀਗੜ੍ਹ ਆਏ ਸਨ ਤਾਂ ਇਹ ਇੰਟਰਵਿਊ ਕੀਤਾ ਗਿਆ।) – ਸੰਪਾਦਕ

**ਪ੍ਰਸ਼ਨ** ਤੁਹਾਡਾ ਭਾਰਤ ਭਰ ਵਿਚ ਆਮ ਕਰਕੇ ਅਤੇ ਪੰਜਾਬ ਤੇ ਚੰਡੀਗੜ੍ਹ ਵਿਚ ਵਿਸ਼ੇਸ਼ ਕਰਕੇ ਬਹੁਤ ਸੁਆਗਤ ਹੋਇਆ ਹੈ। ਇਹ ਸਭ ਕੁਝ ਤੁਹਾਨੂੰ ਕਿਵੇਂ ਲੱਗਾ ਹੈ?

**ਉੱਤਰ** ਏਨੇ ਪਿਆਰ ਤੇ ਅਪਣੱਤ ਵਿਚ ਭਾਵੁਕ ਹੋ ਜਾਣਾ ਕੁਦਰਤੀ ਹੈ। ਮੈਨੂੰ ਪੰਜਾਬ ਨਾਲ ਪਿਆਰ ਹੈ। ਮੈਂ ਅੰਮ੍ਰਿਤਸਰ ਵਿਚ ਕਈ ਸਾਲ ਗੁਜ਼ਾਰੇ ਹਨ। ਕੋਈ ਉਹੋ ਜਿਹੇ ਪਿਆਰੇ ਦਿਨ ਕਿਵੇਂ ਭੁੱਲ ਸਕਦਾ ਹੈ।

**ਪ੍ਰਸ਼ਨ** ਫ਼ੈਜ਼ ਸਾਹਿਬ, ਹਾਲਾਂਕਿ ਤੁਹਾਨੂੰ ਹਿੰਦੁਸਤਾਨ ਛੱਡੇ ਲਗਭਗ 30 ਸਾਲ ਹੋ ਗਏ ਹਨ ਫਿਰ ਵੀ ਤੁਹਾਡੇ ਭਾਰਤ ਪ੍ਰਤੀ ਪਿਆਰ ਵਿਚ ਕੋਈ ਕਮੀ ਨਹੀਂ ਆਈ। ਕੀ ਇਸ ਨੂੰ ਤੁਹਾਡਾ ਇਥੋਂ ਦੇ ਲੋਕਾਂ ਪ੍ਰਤੀ ਜਜ਼ਬਾਤੀ ਲਗਾਅ ਸਮਝਿਆ ਜਾਵੇ?

**ਉੱਤਰ** ਹਿੰਦੁਸਤਾਨ ਵਿਚ ਮੇਰੇ ਦੋਸਤਾਂ ਦੀ ਸੰਖਿਆ ਬਹੁਤ ਜ਼ਿਆਦਾ ਹੈ ਅਤੇ ਦੋਸਤਾਂ ਵਿਚ ਜਜ਼ਬਾਤੀ ਲਗਾਅ ਹੁੰਦਾ ਹੀ ਹੈ। ਸਿਆਸੀ ਪੱਧਰ ਤੇ ਮਤਭੇਦ ਵੀ ਹੁੰਦੇ ਹਨ ਅਤੇ ਦੋਸਤਾਂ ਨਾਲ ਸੰਬੰਧ ਵੀ ਹੁੰਦੇ ਹਨ, ਦੋਸਤੀ ਦੀ ਪੱਧਰ ਤੇ। ਜਿੱਥੋਂ ਤੱਕ ਜਨਤਾ ਦਾ ਸੰਬੰਧ ਹੈ, ਸਿਰਫ਼ ਭਾਰਤ ਦੀ ਜਨਤਾ ਨਾਲ ਹੀ ਨਹੀਂ, ਸਗੋਂ ਦੁਨੀਆਂ ਦੀ ਜਨਤਾ ਨਾਲ ਮੇਰਾ ਪਿਆਰ ਹੈ।

**ਪ੍ਰਸ਼ਨ** ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਹਿੰਦੁਸਤਾਨੀ ਜਨਤਾ ਵਿਚ ਤੁਹਾਡੇ ਪ੍ਰਤੀ ਕਿੰਨੀ ਸ਼ਰਧਾ ਹੈ। ਉਰਦੂ ਨਾ ਜਾਨਣ ਵਾਲਿਆਂ ਦੀ ਜ਼ੁਬਾਨ ਤੋਂ ਵੀ ਤੁਹਾਡਾ ਕੋਈ ਨ ਕੋਈ ਸ਼ਿਅਰ ਸੁਣਨ ਨੂੰ ਮਿਲ ਹੀ ਜਾਂਦਾ ਹੈ। ਕੀ ਤੁਹਾਡੇ ਦਿਮਾਗ਼ ਵਿਚ ਇਹ ਖ਼ਿਆਲ ਉਭਰਦਾ ਹੈ ਕਿ ਜੇ ਮੈਂ ਭਾਰਤ ਵਿਚ ਰਹਿੰਦਾ ਤਾਂ ਮੇਰੀਆਂ ਨਜ਼ਮਾਂ ਅਤੇ ਗ਼ਜ਼ਲਾਂ ਦੋਹਾਂ ਦੇਸ਼ਾਂ ਦੇ ਵਾਸੀਆਂ ਤੱਕ ਜ਼ਿਆਦਾ ਤਾਦਾਦ ਵਿਚ ਪਹੁੰਚਦੀਆਂ?

**ਉੱਤਰ** ਨਹੀਂ, ਇਹ ਖ਼ਿਆਲ ਮੇਰੇ ਦਿਮਾਗ਼ ਵਿਚ ਕਦੀ ਨਹੀਂ ਆਇਆ। ਰਹਿੰਦਾ ਤਾਂ ਆਦਮੀ ਆਪਣੇ ਹੀ ਘਰ ਵਿਚ ਹੈ। ਅਗਰ ਮੇਰੀਆਂ ਨਜ਼ਮਾਂ ਅਤੇ ਗ਼ਜ਼ਲਾਂ ਇਥੋਂ ਤੱਕ ਪੁੱਜਦੀਆਂ ਹਨ ਅਤੇ ਲੋਕ ਉਨ੍ਹਾਂ ਨੂੰ ਯਾਦ ਰੱਖਦੇ ਹਨ ਜਾਂ ਪਸੰਦ ਕਰਦੇ ਹਨ ਤਾਂ ਇਸ ਨਾਲ ਜੀਅ ਜ਼ਰੂਰ ਖ਼ੁਸ਼ ਹੁੰਦਾ ਹੈ। ਲੇਕਿਨ ਮੈਂ ਸਮਝਦਾ ਹਾਂ



ਕਿ ਇਨਸਾਨ ਕਿਤੇ ਵੀ ਕਿਉਂ ਨਾ ਰਹੇ ਅਗਰ ਉਸਦੇ ਦਿਲ ਤੋਂ ਕੋਈ ਸੱਚੀ ਗੱਲ ਨਿਕਲਦੀ ਹੈ ਤਾਂ ਉਹ ਕਿਤੇ ਨਾ ਕਿਤੇ ਪਹੁੰਚ ਹੀ ਜਾਂਦੀ ਹੈ ਅਤੇ ਉਸਦਾ ਅਸਰ ਵੀ ਜ਼ਰੂਰ ਹੁੰਦਾ ਹੈ। ਜੇ ਹਿੰਦੁਸਤਾਨ-ਪਾਕਿਸਤਾਨ ਦੇ ਸੰਬੰਧ ਜ਼ਿਆਦਾ ਬਿਹਤਰ ਹੋਣ ਤਾਂ ਲਿਖਣ ਵਾਲਿਆਂ ਨੂੰ ਜ਼ਿਆਦਾ ਆਸਾਨੀਆਂ ਹੋਣਗੀਆਂ, ਕਿਉਂਕਿ ਦੋਹਾਂ ਮੁਲਕਾਂ ਤੋਂ ਲਿਟਰੇਚਰ ਦੇ ਆਉਣ ਜਾਣ ਵਿਚ ਸਰਕਾਰ ਦਖ਼ਲ ਨਹੀਂ ਦੇਵੇਗੀ। ਫਿਰ ਇਸ ਤਰ੍ਹਾਂ ਦੇ ਸਵਾਲਾਂ ਦਾ ਕੋਈ ਫ਼ਰਕ ਨਹੀਂ ਪਵੇਗਾ ਕਿ ਕੌਣ ਕਿੱਥੇ ਰਹਿੰਦਾ ਹੈ। ਆਦਮੀ ਹਰੇਕ ਥਾਂ ਤਾਂ ਜਾ ਕੇ ਰਹਿ ਨਹੀਂ ਸਕਦਾ। ਵੈਸੇ ਲੇਖਕ ਦੇ ਘਰ ਦੀ ਚਾਰਦੀਵਾਰੀ ਹੀ ਉਸਦਾ ਘਰ ਨਹੀਂ ਹੁੰਦਾ। ਉਸਦਾ ਘਰ ਤਾਂ ਸਾਰਾ ਵਿਸ਼ਵ ਹੈ। ਕੁਲ ਕਾਇਨਾਤ ਉਸਦੇ ਕਲ਼ਾਵੇ ਵਿਚ ਹੈ। ਇਸੇ ਲਈ ਤਾਂ ਡਾ. ਇਕਬਾਲ ਨੇ ਕਿਹਾ ਸੀ –

ਨਹੀਂ ਤੇਰਾ ਨਸ਼ੇਮਨ ਕਸਰੇ ਸੁਲਤਾਨੀ ਕੇ ਗੁੰਬਦ ਪਰ,<br>
ਤੂ ਸ਼ਾਹੀਂ-ਹੈਂ, ਬਸੇਰਾ ਕਰ ਪਹਾੜੋਂ ਕੀ ਚਟਾਨੋਂ ਪਰ।

ਹਰ ਥਾਂ ਹੀ ਸ਼ਾਇਰ ਦਾ ਘਰ ਹੈ ਤੇ ਜੇ ਸੱਚ ਪੁੱਛੋ ਤਾਂ ਉਸਦਾ ਕੋਈ ਵੀ ਘਰ ਨਹੀਂ।

**ਪ੍ਰਸ਼ਨ** ਤੁਸਾਂ ਰਵਾਇਤੀ ਸ਼ਾਇਰੀ ਵਿਚ ਨਵੇਂ-ਨਵੇਂ ਰੰਗ ਭਰੇ ਹਨ। ਕੀ ਆਧੁਨਿਕ ਕਵਿਤਾ ਤੁਹਾਨੂੰ ਪ੍ਰਭਾਵਿਤ ਨਹੀਂ ਕਰ ਸਕੀ? ਪਾਕਿਸਤਾਨ ਅਤੇ ਹਿੰਦੁਸਤਾਨ ਦੇ ਆਧੁਨਿਕ ਸ਼ਾਇਰਾਂ ਵਿਚੋਂ ਤੁਸੀਂ ਕਿਨ੍ਹਾਂ ਨੂੰ ਮਹੱਤਵਪੂਰਨ ਮੰਨਦੇ ਹੋ?

**ਉੱਤਰ** ਰਵਾਇਤੀ ਸ਼ਾਇਰੀ ਵਿਚ ਵੀ ਹਰ ਤਰ੍ਹਾਂ ਗੱਲਾਂ ਲਿਖੀਆਂ ਗਈਆਂ ਹਨ ਅਤੇ ਉਸ ਵਿਚ ਅਜੇ ਵੀ ਬਹੁਤ ਸਾਰੀਆਂ ਅਜਿਹੀਆਂ ਗੁੰਜਾਇਸ਼ਾਂ ਮੌਜੂਦ ਹਨ ਜਿਨ੍ਹਾਂ ਤੋਂ ਅਜੇ ਤੀਕ ਪੂਰਾ ਫਾਇਦਾ ਨਹੀਂ ਉਠਾਇਆ ਗਿਆ। ਮੈਂ ਤਾਂ ਇਹ ਕੋਸ਼ਿਸ਼ ਕੀਤੀ ਸੀ ਕਿ ਜ਼ੁਬਾਨ ਤੋਂ ਫਾਇਦਾ ਉਠਾ ਕੇ ਉਸ ਵਿਚ ਆਧੁਨਿਕ ਖ਼ਿਆਲਾਂ ਨੂੰ ਇਸ ਤਰ੍ਹਾਂ ਸਮੋਇਆ ਜਾਵੇ ਕਿ ਲੋਕਾਂ ਨੂੰ ਬਿਲਕੁਲ ਅਜੀਬ ਮਾਲੂਮ ਨਾ ਹੋਵੇ, ਅਤੇ ਦੂਜਾ ਇਹ ਕਿ ਸਾਨੂੰ ਵੀ ਅਜਿਹਾ ਮਹਿਸੂਸ ਨਾ ਹੋਵੇ ਕਿ ਅਸੀਂ ਕਿਸੇ ਕਿਸਮ ਦੀ ਬਣਾਵਟ ਤੋਂ ਪ੍ਰਭਾਵਿਤ ਹੋ ਕੇ ਇਹ ਸਭ ਕੁਝ ਲਿਖਿਆ ਹੈ। ਅਵਾਮੀ ਸ਼ਾਇਰੀ ਅਤੇ ਅਵਾਮੀ ਗੀਤਾਂ ਨੂੰ ਕਿਸੇ ਨੇ ਅਜੇ ਤੱਕ ਸ਼ਾਇਰੀ ਵਿਚ ਇਸਤੇਮਾਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਹ ਇਕ ਮੈਦਾਨ ਹੈ ਜਿਸ ਤੋਂ ਕਾਫ਼ੀ ਫਾਇਦਾ ਉਠਾਇਆ ਜਾ ਸਕਦਾ ਹੈ।

ਜੇ ਤੁਹਾਨੂੰ ਇਸਤੇਮਾਲ ਕਰਨਾ ਆਉਂਦਾ ਹੈ ਤਾਂ ਤੁਸੀਂ ਪੁਰਾਣੇ ਚਿੰਨ੍ਹਾਂ ਨੂੰ ਵੀ ਨਵੇਂ ਢੰਗ ਨਾਲ ਵਰਤੋਂ ਵਿਚ ਲਿਆ ਸਕਦੇ ਹੋ। ਉਸ ਵੇਲੇ ਲੋਕਾਂ ਦੀ ਸਮਝ ਵਿਚ ਇਹ ਨਹੀਂ ਆਵੇਗਾ ਕਿ ਤੁਸੀਂ ਕੋਈ ਪੁਰਾਣੀ ਗੱਲ ਕਹਿ ਰਹੇ ਹੋ ਅਤੇ

ਕਿਦੇ ਹੱਦ ਤੱਕ ਅਸੀਂ ਅਜਿਹਾ ਕੀਤਾ ਹੈ। ਇਸ ਤੋਂ ਅੱਗੇ ਵਧਣਾ ਸਾਨੂੰ ਚੰਗਾ ਵੀ ਨਹੀਂ ਲੱਗਿਆ ਅਤੇ ਇਹ ਸਭ ਸਾਨੂੰ ਆਉਂਦਾ ਵੀ ਨਹੀਂ। ਜਿਥੋਂ ਤੱਕ ਜਦੀਦ ਢੰਗ ਨਾਲ ਲਿਖਣ ਦਾ ਸੰਬੰਧ ਹੈ ਸਾਡੇ ਵੇਲੇ ਵੀ ਲੋਕਾਂ ਨੇ ਨਵੇਂ ਤਜਰਬੇ ਕੀਤੇ ਸਨ। ਸਾਡੇ ਇਕ ਸ਼ਾਇਰ ਨੂਨ-ਮੀਮ ਰਾਸ਼ਿਦ ਸਨ।

ਭਾਵੇਂ ਜਦੀਦ ਸ਼ਾਇਰੀ ਕਾਫ਼ੀ ਚੰਗੀ ਹੈ ਪਰ ਲੋਕਾਂ ਤੱਕ ਪਹੁੰਚ ਨਹੀਂ ਸਕਦੀ। ਬਹੁਤ ਹੀ ਛੋਟੇ ਜਿਹੇ ਤਬਕੇ ਲਈ ਲਿਖੀ ਗਈ। ਸ਼ਾਇਰੀ ਦੀ ਕਵਾਲਿਟੀ ਕਿੰਨੀ ਵੀ ਚੰਗੀ ਕਿਉਂ ਨਾ ਹੋਵੇ, ਅਗਰ ਆਮ ਪੜ੍ਹੇ ਲਿਖੇ ਵਿਅਕਤੀ ਤੱਕ ਵੀ ਨਾ ਪਹੁੰਚੇ ਤਾਂ ਅਜਿਹਾ ਲੱਗਦਾ ਹੈ ਕਿ ਦਿਲ ਦੀ ਗੱਲ ਦਿਲ ਵਿਚ ਹੀ ਰਹਿ ਗਈ ਹੈ। ਨਵੇਂ ਲਿਖਣ ਵਾਲੇ ਬਹੁਤ ਹਨ, ਇਧਰ ਵੀ ਉਧਰ ਵੀ। ਨਾ ਇਸ ਲਈ ਨਹੀਂ ਲਵਾਂਗਾ ਕਿ ਜਿਸਦਾ ਨਾਮ ਰਹਿ ਜਾਵੇਗਾ ਉਹੀ ਨਰਾਜ਼ ਹੋ ਜਾਵੇਗਾ। ਮਗਰ ਐਨਾ ਮੈਂ ਜ਼ਰੂਰ ਕਹਿ ਸਕਦਾ ਹਾਂ ਕਿ ਨਵੇਂ ਲਿਖਣ ਵਾਲੇ ਬਹੁਤ ਅੱਛਾ ਲਿਖ ਰਹੇ ਹਨ।

**ਪ੍ਰਸ਼ਨ** ਫ਼ੈਜ਼ ਸਾਹਿਬ ਤੁਸੀਂ ਸਿਆਲਕੋਟ ਦੇ ਜੰਮਪਲ਼ ਹੋ। ਪੰਜਾਬੀ ਸ਼ਾਇਰੀ ਸੁਣੀ ਤੇ ਪੜ੍ਹੀ ਹੋਵੇਗੀ। ਤੁਸੀਂ ਭਾਰਤ ਵਿਚ ਵਰ੍ਹਿਆਂ ਤੀਕ ਰਹੇ ਹੋ। ਕੀ ਤੁਸੀਂ ਇਥੋਂ ਦੇ ਹਿੰਦੀ ਸਾਹਿਤ ਨੂੰ ਵੀ ਵੇਖਿਆ ਹੈ?

**ਉੱਤਰ** ਪੰਜਾਬੀ ਅਦਬ ਨਾਲ ਮੇਰਾ ਡੂੰਘਾ ਪਿਆਰ ਹੈ। ਮੈਂ ਵਾਰਿਸ ਸ਼ਾਹ, ਬੁੱਲੇਸ਼ਾਹ, ਕਾਦਰ ਯਾਰ ਤੇ ਅਨੇਕਾਂ ਹੋਰ ਸ਼ਾਇਰ ਪੜ੍ਹੇ ਹਨ। ਹੁਣ ਵੀ ਦੋਹਾਂ ਪਾਸਿਆਂ ਦੇ ਪੰਜਾਬੀ ਅਦਬ ਤੋਂ ਮੈਂ ਵਾਕਿਫ਼ ਹਾਂ। ਮੈਂ ਖ਼ੁਦ ਪੰਜਾਬੀ ਵਿਚ ਵੀ ਕੁਝ ਨਜ਼ਮਾਂ ਲਿਖੀਆਂ ਹਨ। ਅਨੇਕ ਪੰਜਾਬੀ ਅਦੀਬ ਮੇਰੇ ਦੋਸਤ ਹਨ। ਪੰਜਾਬੀ ਮੇਰੀ ਮਾਤ-ਭਾਸ਼ਾ ਵੀ ਤਾਂ ਹੈ।

ਪੰਜਾਬੀ, ਹਿੰਦੀ ਦੋਹਾਂ ਦੇ ਸੰਬੰਧ ਵਿਚ ਕੁਝ ਅੜਚਨਾਂ ਆ ਜਾਂਦੀਆਂ ਹਨ। ਸਕਰਿਪਟ ਦੀ, ਲਿਖਾਈ ਦੀ। ਉਂਝ ਤਾਂ ਅਸੀਂ ਚਾਰ ਪੰਜ ਵਾਰ ਹਿੰਦੀ ਪੜ੍ਹਨ-ਲਿਖਣ ਦੀ ਕੋਸ਼ਿਸ਼ ਵੀ ਕੀਤੀ। ਜਨਾਬ ਉਪੇਂਦਰ ਨਾਥ ਅਸ਼ਕ ਸਾਹਿਬ ਦੀ ਬੇਗ਼ਮ ਕੌਸ਼ੱਲਿਆ ਅਸ਼ਕ ਸਾਡੇ ਦਫ਼ਤਰ ਵਿਚ ਕੰਮ ਕਰਦੀ ਸੀ, ਉਸ ਤੋਂ ਅਸੀਂ ਹਿੰਦੀ ਪੜ੍ਹਨੀ ਸ਼ੁਰੂ ਕੀਤੀ। ਇਸਦੇ ਬਾਅਦ ਅਸੀਂ ਚਲੇ ਗਏ ਅਤੇ ਹਿੰਦੀ ਭੁੱਲ ਗਏ। ਫਿਰ ਇਕ ਅੱਧ ਵਾਰ ਲਿਖਣ ਦੀ ਕੋਸ਼ਿਸ਼ ਕੀਤੀ ਮਗਰ ਅੱਗੇ ਨਹੀਂ ਵੱਧ ਪਾਏ। ਇਹ ਕੰਮ ਤਾਂ ਜਵਾਨੀ ਵਿਚ ਹੀ ਹੋ ਸਕਦੇ ਹਨ, ਬਾਅਦ ਵਿਚ ਇਹ ਕੰਮ ਮੁਸ਼ਕਿਲ ਹੋ ਜਾਂਦੇ ਹਨ। ਫਿਰ ਵੀ ਜੇ ਪੜ੍ਹਿਆ ਨਹੀਂ ਤਾਂ ਸੁਣਿਆ ਜ਼ਰੂਰ ਹੈ। ਨਵੇਂ ਅਤੇ ਪੁਰਾਣੇ ਦੋਹਾਂ ਤਰ੍ਹਾਂ ਦੇ ਹਿੰਦੀ ਲਿਖਣ ਵਾਲਿਆਂ ਨੂੰ ਮੈਂ ਚੰਗੀ ਤਰ੍ਹਾਂ ਸੁਣਿਆ ਹੈ। ਬੱਚਨ ਸਾਡੇ ਦੋਸਤ ਹਨ, ਅਸੀਂ ਨਿਰਾਲਾ ਨੂੰ ਵੀ ਸੁਣਿਆ



ਹੈ, ਦਿਨਕਰ ਨੂੰ ਵੀ ਸੁਣਿਆ ਹੈ। ਸੁਣਿਆ ਬਹੁਤ ਲੋਕਾਂ ਨੂੰ ਹੈ ਅਤੇ ਇਸ ਤੋਂ ਹਿੰਦੀ ਸਾਹਿਤ ਦੀ ਖ਼ੂਬੀ ਦਾ ਅੰਦਾਜ਼ਾ ਵੀ ਹੋ ਜਾਂਦਾ ਹੈ। ਅਸੀਂ ਦੇਖਿਆ ਹੈ ਕਿ ਆਮ ਤੌਰ ਤੇ ਕਵਿਤਾ ਵਿਚ ਜਿਹੜੀ ਜ਼ੁਬਾਨ ਇਸਤੇਮਾਲ ਕੀਤੀ ਜਾਂਦੀ ਹੈ ਉਹ ਇੰਨੀ ਮੁਸ਼ਕਿਲ ਨਹੀਂ ਹੈ ਜਿੰਨੀ ਕਿ (ਹੱਸਦੇ ਹੋਏ) ਆਲ ਇੰਡੀਆ ਰੇਡੀਓ ਦੀ ਜ਼ੁਬਾਨ ਹੈ। ਮੈਂ ਹਿੰਦੀ ਲਿਟਰੇਚਰ ਨੂੰ ਬਕਾਇਦਾ ਤਾਂ ਨਹੀਂ ਪੜ੍ਹਿਆ ਪਰ ਜਿੰਨਾ ਸੁਣਿਆ ਹੈ ਉਸ ਤੋਂ ਆਨੰਦ ਮਾਣਿਆ ਹੈ ਅਤੇ ਉਸ ਤੋਂ ਸਿੱਖਿਆ ਵੀ ਹੈ।

**ਪ੍ਰਸ਼ਨ** ਤੁਹਾਡੀ ਸ਼ਾਇਰੀ ਵਿਚ ਇਨਕਲਾਬ ਅਤੇ ਪਰਿਵਰਤਨ ਦੀਆਂ ਗੂੰਜਾਂ ਬਹੁਤ ਸਾਫ਼ ਮਿਲਦੀਆਂ ਹਨ। ਜ਼ਿੰਦਗੀ ਦੇ ਇਸ ਮੋੜ ਤੇ ਕੀ ਤੁਸੀਂ ਇਹ ਮੰਨਦੇ ਹੋ ਕਿ ਸ਼ਾਇਰੀ ਤੋਂ ਇਨਕਲਾਬ ਲਿਆਂਦਾ ਜਾ ਸਕਦਾ ਹੈ? ਜਾਂ ਸ਼ਾਇਰੀ ਸਿਰਫ਼ ਖ਼ੂਬਸੂਰਤ ਅਤੇ ਜ਼ਿੰਦਾਦਿਲ ਖ਼ਿਆਲਾਂ ਦਾ ਸੰਗ੍ਰਹਿ ਹੈ?

**ਉੱਤਰ** ਸ਼ਾਇਰੀ ਤੋਂ ਇਨਕਲਾਬ ਤਾਂ ਨਹੀਂ ਲਿਆਂਦਾ ਜਾ ਸਕਦਾ, ਨਾ ਹੀ ਇਸਨੂੰ ਖ਼ੂਬਸੂਰਤ ਖ਼ਿਆਲਾਂ ਦਾ ਸੰਗ੍ਰਹਿ ਹੀ ਮੰਨਿਆ ਜਾ ਸਕਦਾ ਹੈ। ਸ਼ਾਇਰੀ ਲੋਕਾਂ ਦੇ ਦਿਲਾਂ ਨੂੰ ਹਲੂਣ ਦੇਣ ਦਾ ਇਕ ਸਾਧਨ ਹੈ ਅਤੇ ਇਸ ਹੱਦ ਤੀਕ ਸ਼ਾਇਰੀ ਲੋਕਾਂ ਦੇ ਦਿਲਾਂ ਵਿਚ ਹਰਕਤ ਪੈਦਾ ਕਰਕੇ ਇਨਕਲਾਬ ਲਿਆਉਣ ਵਿਚ ਮਦਦ ਕਰਦੀ ਹੈ। ਜਿੱਥੋਂ ਤੱਕ ਖ਼ੂਬਸੂਰਤ ਖ਼ਿਆਲਾਂ ਦਾ ਸਵਾਲ ਹੈ ਚਾਹੇ ਉਹ ਇਨਕਲਾਬੀ ਸ਼ਾਇਰੀ ਹੈ ਜਾਂ ਹੁਸਨ-ਇਸ਼ਕ ਦੀ, ਖ਼ੂਬਸੂਰਤ ਖ਼ਿਆਲਾਂ ਦੇ ਬਿਨਾਂ ਤਾਂ ਸ਼ਾਇਰੀ ਦੇ ਰੰਗ ਫਿੱਕੇ ਹੀ ਨਜ਼ਰ ਆਉਣਗੇ।

**ਪ੍ਰਸ਼ਨ** ਤੁਸੀਂ ਅਗਾਂਹਵਧੂ ਲਹਿਰ ਨਾਲ ਕਦੋਂ ਜੁੜੇ ਸੀ?

**ਉੱਤਰ** ਲਖਨਊ ਵਿਚ 1936 ਵਿਚ ਪ੍ਰੋਗ੍ਰੈਸਿਵ ਰਾਈਟਰਜ਼ ਕਾਨਫਰੰਸ ਹੋਈ ਸੀ, ਜਿਸਦੀ ਪ੍ਰਧਾਨਗੀ ਮੁਨਸ਼ੀ ਪ੍ਰੇਮ ਚੰਦ ਨੇ ਕੀਤੀ ਸੀ। ਉਸ ਕਾਨਫਰੰਸ ਵਿਚ ਮੈਂ ਵੀ ਸ਼ਾਮਿਲ ਹੋਇਆ ਸੀ।

**ਪ੍ਰਸ਼ਨ** ਇਧਰ ਭਾਰਤ ਅਤੇ ਪਾਕਿਸਤਾਨ ਦੇ ਸੰਸਕ੍ਰਿਤਕ ਸੰਬੰਧਾਂ ਵਿਚ ਸੁਧਾਰ ਦੀਆਂ ਕਾਫ਼ੀ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ, ਕੁਝ ਸੁਧਾਰ ਹੋਇਆ ਵੀ ਹੈ। ਕੀ ਤੁਸੀਂ ਸਮਝਦੇ ਹੋ ਕਿ ਜੇ ਦੋਹਾਂ ਮੁਲਕਾਂ ਵਿਚ ਇਕ ਸਾਫ਼ ਸੁਥਰਾ ਸੰਸਕ੍ਰਿਤਕ ਰਿਸ਼ਤਾ ਕਾਇਮ ਹੋ ਜਾਂਦਾ ਹੈ ਤਾਂ ਬਹੁਤ ਸਾਰੀਆਂ ਰਾਜਨੀਤਿਕ ਮੁਸ਼ਕਿਲਾਂ ਆਪਣੇ ਆਪ ਦੂਰ ਹੋ ਜਾਣਗੀਆਂ?

**ਉੱਤਰ** ਮਾਮਲਾ ਸ਼ਾਇਦ ਇਸ ਤੋਂ ਕੁਝ ਉਲਟ ਹੈ, ਕਿਉਂਕਿ ਸਾਹਿਤਕ ਗੱਲਾਂ ਜਿਹੜੀਆਂ ਹਨ, ਉਹ ਤਾਂ ਪਹਿਲਾਂ ਤੋਂ ਹੀ ਮੌਜੂਦ ਹਨ। ਉਨ੍ਹਾਂ ਵਿਚ ਜੇ ਰੁਕਾਵਟ ਪੈਦਾ ਹੁੰਦੀ ਹੈ ਤਾਂ ਸਿਆਸੀ ਕਾਰਨਾਂ ਕਰਕੇ ਹੁੰਦੀ ਹੈ। ਜੇਕਰ ਸਿਆਸੀ ਮੁਸ਼ਕਿਲਾਂ

ਦੂਰ ਹੋ ਜਾਣ ਤੇ ਸਮਝੌਤੇ ਦੇ ਕੁਝ ਹਲ ਨਿਕਲ ਆਉਣ ਤਾਂ ਸਪੱਸ਼ਟ ਹੈ ਕਿ ਸਾਹਿਤਕ ਸੰਬੰਧਾਂ ਵਿਚ ਤਰੱਕੀ ਹੋਵੇਗੀ। ਸਾਹਿਤਕ ਸੰਬੰਧਾਂ ਨੂੰ ਬਣਾਈ ਰੱਖਣ ਵਿਚ ਸਿਆਸੀ ਸਮਝੌਤਾ ਬਹੁਤ ਜ਼ਰੂਰੀ ਹੈ।

**ਪ੍ਰਸ਼ਨ** ਅੱਜਕਲ੍ਹ ਤੁਸੀਂ ਕੀ ਲਿਖ ਰਹੇ ਹੋ? ਕੀ ਤੁਸੀਂ ਜੋਸ਼ ਸਾਹਿਬ ਦੀ "ਯਾਦੋਂ ਕੀ ਬਾਰਾਤ" ਵਾਂਗ ਆਪਣੀ ਆਤਮਕਥਾ ਨਹੀਂ ਲਿਖੋਗੇ?

**ਉੱਤਰ** ਮੇਰੀ ਸ਼ਾਇਰੀ ਦਾ ਨਵਾਂ ਸੰਗ੍ਰਹਿ "ਸ਼ਾਮੇ ਸ਼ਹਿਰੇ ਯਾਰਾਂ" ਪਿਛਲੇ ਮਹੀਨੇ ਛਪਿਆ ਹੈ। ਜਿਥੋਂ ਤੱਕ ਗਦ ਦਾ ਸਵਾਲ ਹੈ ਉਸ ਵਿਚ ਵੀ ਕਾਫੀ ਕੁਝ ਲਿਖਿਆ ਹੈ। ਇਕ ਦਾ ਨਾਂ 'ਮੀਜਾਨ' ਹੈ। ਦੂਜੀ ਕਿਤਾਬ ਹੈ "ਮਤਾਏ ਲੋਹੇ ਕਲਮ" ਜਿਸ ਵਿਚ ਕੁਝ ਨਿਬੰਧ ਹਨ, ਕੁਝ ਇੰਟਰਵਿਊ ਹਨ, ਕੁਝ ਰੇਡੀਓ ਡਰਾਮੇ ਹਨ ਅਤੇ ਇਸੇ ਤਰ੍ਹਾਂ ਦੀਆਂ ਕਈ ਚੀਜ਼ਾਂ। ਆਤਮਕਥਾ (ਆਟੋਬਾਇਓਗ੍ਰਾਫੀ) ਦਾ ਖ਼ਿਆਲ ਆਉਂਦਾ ਹੈ ਤਾਂ ਸੋਚਦਾ ਹਾਂ ਕਿ ਕੁਝ ਲਿਖਣਾ ਚਾਹੀਦਾ ਹੈ। ਸ਼ਾਇਦ ਕਦੇ ਲਿਖੀ ਵੀ ਜਾਵੇ, ਪਰ ਅਜੇ ਫੁਰਸਤ ਨਹੀਂ ਮਿਲ ਸਕੀ। ਵੈਸੇ ਮੇਰੇ ਇਕ ਦੋ ਦੋਸਤਾਂ ਨੇ ਮੇਰੇ ਬਾਰੇ ਕੁਝ ਲਿਖਿਆ ਵੀ ਹੈ। ਇਕ ਕਿਤਾਬ ਆਈ ਹੈ "ਹਮ ਯੇ ਠਹਿਰੇ ਅਜਨਬੀ" ਇਹ ਕਿਤਾਬ ਮੇਰੇ ਦੋਸਤ ਡਾ. ਯੂਨਸ ਰਜ਼ਾ ਨੇ ਲਿਖੀ ਹੈ। ਉਸਨੇ ਰੋਜ਼ਾਨਾ ਦੀਆਂ ਮੁਲਾਕਾਤਾਂ ਵਿਚ ਹੋਈ ਮੁਖ਼ਤਲਿਫ ਗੱਲਬਾਤ ਨੂੰ ਇਸ ਕਿਤਾਬ ਵਿਚ ਦਿੱਤਾ ਹੈ। ਦੂਜੀ ਕਿਤਾਬ ਮੇਰੇ ਦੋਸਤ ਮਿਰਜ਼ਾ ਜ਼ਫ਼ਰੁਲ ਹਸਨ ਨੇ ਲਿਖੀ ਹੈ। ਇਹ ਕਿਤਾਬ ਮਖ਼ਦੂਮ ਮੁਹੀਉਦੀਨ ਅਤੇ ਮੇਰੀ, ਦੋਹਾਂ ਦੀ ਬਾਇਓਗ੍ਰਾਫੀ ਹੈ।

**ਪ੍ਰਸ਼ਨ** ਸਾਹਿਤ ਦੇ ਮਾਮਲੇ ਵਿਚ ਪਾਕਿਸਤਾਨ ਅਤੇ ਭਾਰਤ ਦੀ ਨਵੀਂ ਪੀੜ੍ਹੀ ਦੇ ਵਿਚਾਰ ਕਿੱਥੋਂ ਤੱਕ ਆਪਸ ਵਿਚ ਮਿਲਦੇ ਹਨ?

**ਉੱਤਰ** ਜਿੱਥੋਂ ਤੱਕ ਉਨ੍ਹਾਂ ਦਾ ਅਤੇ ਸਾਡਾ ਤਜ਼ਰਬਾ ਇਕ ਹੈ। ਜੋ ਕੁਝ ਉਨ੍ਹਾਂ ਤੇ ਬੀਤ ਰਿਹਾ ਹੈ ਉਹੀ ਸਾਡੇ ਤੇ ਗੁਜ਼ਰ ਰਿਹਾ ਹੈ, ਉਸ ਹੱਦ ਤੱਕ ਤਾਂ ਸਪੱਸ਼ਟ ਹੈ ਜੋ ਕੁਝ ਉਨ੍ਹਾਂ ਦੇ ਦਿਲ ਵਿਚ ਹੈ, ਉਹੀ ਸਾਡੇ ਦਿਲ ਵਿਚ ਹੈ। ਮਤਲਬ ਇਹ ਕਿ ਉਹ ਕਿਸੇ ਹੋਰ ਢੰਗ ਨਾਲ ਕਹਿਣਗੇ, ਅਸੀਂ ਕਿਸੇ ਹੋਰ ਢੰਗ ਨਾਲ। ਲੇਕਿਨ ਉਨ੍ਹਾਂ ਦੇ ਤਜਰਬੇ ਅਤੇ ਅਹਿਸਾਸਾਂ ਦੇ ਕੁਝ ਪੱਖ ਅਜਿਹੇ ਹਨ ਜਿਨ੍ਹਾਂ ਨੂੰ ਅਸੀਂ ਸਮਝਦੇ ਹਾਂ ਅਤੇ ਖ਼ੁਦ ਮਹਿਸੂਸ ਵੀ ਕਰਦੇ ਹਾਂ।

**ਪ੍ਰਸ਼ਨ** ਸਾਡੇ ਇਥੇ ਸਾਹਿਤ ਵਿਚ ਚਾਹੇ ਉਹ ਕਵਿਤਾ ਹੈ ਜਾਂ ਕਹਾਣੀ ਜਾਂ ਨਾਵਲ, ਸਭ ਵਿਚ ਆਮ ਆਦਮੀ ਦੀ ਬੜੀ ਚਰਚਾ ਹੈ। ਪਾਕਿਸਤਾਨ ਵਿਚ ਆਮ ਆਦਮੀ ਦੀ ਚਰਚਾ ਕਿਸ ਤਰ੍ਹਾਂ ਦੀ ਹੈ?

**ਉੱਤਰ** ਆਮ ਆਦਮੀ ਦੀ ਚਰਚਾ ਕੋਈ ਅੱਜ ਦੀ ਚਰਚਾ ਨਹੀਂ ਹੈ। ਇਹ ਉਦੋਂ ਸ਼ੁਰੂ



ਹੋਈ ਸੀ ਜਦ ਅਸੀਂ ਅਗਾਂਹਵਧੂ ਰਚਨਾ ਸ਼ੁਰੂ ਕੀਤੀ ਸੀ। ਅਗਾਂਹਵਧੂ ਰਚਨਾ ਸ਼ੁਰੂ ਹੋਣ ਤੋਂ ਪਹਿਲਾਂ ਮੁਨਸ਼ੀ ਪਰੇਮ ਚੰਦ ਨੇ ਆਮ ਆਦਮੀ ਬਾਰੇ ਲਿਖਿਆ ਹੈ। ਬਲਕਿ ਇਸ ਤੋਂ ਪਹਿਲਾਂ ਵੀ ਰਤਨ ਨਾਥ ਸਰਸ਼ਾਦ ਦੀ ਫਸਾਨਾਏ-ਆਜ਼ਾਦ ਵਿਚ ਵੀ ਤੁਹਾਨੂੰ ਆਮ ਆਦਮੀ ਮਿਲ ਜਾਣਗੇ। ਸ਼ਾਇਰੀ ਦੇ ਮਾਮਲੇ ਵਿਚ ਨਜ਼ੀਰ ਅਕਬਰਾਬਾਦੀ ਬਹੁਤ ਵੱਡੇ ਸ਼ਾਇਰ ਹੋਏ ਹਨ ਉਨ੍ਹਾਂ ਦੀ ਸ਼ਾਇਰੀ ਵਿਚ ਤਾਂ ਬਸ ਆਮ ਆਦਮੀ ਦੀ ਹੀ ਚਰਚਾ ਹੈ। ਇਹ ਗੱਲ ਦੂਜੀ ਹੈ ਕਿ ਹੌਲੀ-ਹੌਲੀ ਆਮ ਆਦਮੀ ਦੇ ਸੰਬੰਧ ਵਿਚ ਚਰਚਾ ਜ਼ਿਆਦਾ ਹੁੰਦੀ ਜਾ ਰਹੀ ਹੈ ਕਿਉਂਕਿ ਖ਼ਾਸ ਆਦਮੀ ਦਾ ਜ਼ਮਾਨਾ ਤਾਂ ਰਾਜੇ ਅਤੇ ਨਵਾਬਾਂ ਦਾ ਜ਼ਮਾਨਾ ਸੀ ਅਤੇ ਉਹ ਗੁਜ਼ਰ ਗਿਆ ਹੈ। ਹੁਣ ਤਾਂ ਆਮ ਆਦਮੀ ਦਾ ਜ਼ਮਾਨਾ ਹੀ ਹੈ। ਇਧਰ ਵੀ ਤੇ ਉਧਰ ਵੀ।

**ਪ੍ਰਸ਼ਨ** ਮਨੁੱਖੀ ਕਦਰਾਂ ਦੀ ਲੜਾਈ ਵਿਚ ਤੁਸੀਂ ਅੱਜ ਦੇ ਮਾਹੌਲ ਵਿਚ ਆਪਣੇ ਆਪ ਨੂੰ ਕਿੱਥੋਂ ਤੱਕ ਕਾਮਯਾਬ ਪਾਉਂਦੇ ਹੋ?

**ਉੱਤਰ** ਇਨਸਾਨੀ ਕਦਰਾਂ ਦੀ ਲੜਾਈ ਤਾਂ ਇਕ ਦਿਨ ਵਿਚ ਖ਼ਤਮ ਨਹੀਂ ਹੁੰਦੀ। ਉਹ ਤਾਂ ਜਦ ਤੱਕ ਇਨਸਾਨੀਅਤ ਕਾਇਮ ਰਹੇਗੀ ਉਦੋਂ ਤੱਕ ਚੱਲਦੀ ਰਹੇਗੀ ਅਤੇ ਅਸੀਂ ਯਕੀਨ ਰੱਖਦੇ ਹਾਂ ਕਿ ਅੰਤ ਵਿਚ ਇਨਸਾਨੀਅਤ ਦੀ ਹੀ ਜਿੱਤ ਹੋਵੇਗੀ। ਰਸਤੇ ਵਿਚ ਰੁਕਾਵਟਾਂ ਆ ਜਾਂਦੀਆਂ ਹਨ। ਇੱਥੇ ਤਾਂ ਰੌਸ਼ਨੀ ਅਤੇ ਪ੍ਰਛਾਈਂ ਦੇ ਨਾਲ-ਨਾਲ ਹੀ ਚੱਲਦੀਆਂ ਹਨ। ਲੇਕਿਨ ਮੇਰਾ ਵਿਸ਼ਵਾਸ ਹੈ ਕਿ ਆਖਿਰਕਾਰ ਰੌਸ਼ਨੀ ਦੀ ਹੀ ਫਤਹਿ ਹੋਵੇਗੀ।

**ਪ੍ਰਸ਼ਨ** ਤੁਹਾਡੀ ਸ਼ਾਇਰੀ ਵਿਚ ਕੈਦ, ਦਾਰੋਰਸਨ ਆਦਿ ਦੀ ਬੜੀ ਚਰਚਾ ਰਹੀ ਹੈ। ਅੱਜਕਲ੍ਹ ਤੁਸੀਂ ਕਿਹੜੇ ਸਿੰਬਲਾਂ (ਚਿੰਨ੍ਹਾਂ) ਨੂੰ ਪਸੰਦ ਕਰਦੇ ਹੋ?

**ਉੱਤਰ** ਨਹੀਂ, ਇਹ ਸਿਰਫ਼ ਸਿੰਬਲ ਨਹੀਂ ਸਨ, ਬਲਕਿ ਅਸਲ ਬਿਰਤਾਂਤ ਸਨ। 'ਦਸਤੇ ਸਬਾ' ਦੀ ਭੂਮਿਕਾ ਤਾਂ ਮੈਂ ਲਾਹੌਰ ਜੇਲ੍ਹ ਵਿਚ ਹੀ ਲਿਖੀ ਸੀ। ਸਪੱਸ਼ਟ ਹੈ ਉਹ ਹੁਣ ਵਾਕੇ ਨਹੀਂ ਰਹੇ, ਅਸੀਂ ਹੁਣ ਉਨ੍ਹਾਂ ਨੂੰ ਖਾਹਮਖ਼ਾਹ ਕਿਉਂ ਇਸਤੇਮਾਲ ਕਰਦੇ ਰਹੀਏ? ਅਜਿਹੇ ਇਕ ਦੋ ਨਹੀਂ ਬਲਕਿ ਅਨੇਕਾਂ ਸਿੰਬਲ ਹਨ ਜਿਨ੍ਹਾਂ ਦਾ ਅਸੀਂ ਅੱਜਕਲ੍ਹ ਇਸਤੇਮਾਲ ਕਰਦੇ ਹਾਂ। ਮਿਸਾਲ ਦੇ ਤੌਰ 'ਤੇ ਮੈਂ ਤੁਹਾਨੂੰ ਅੱਜਕਲ੍ਹ ਲਿਖੇ ਗਏ ਕਲਾਮ ਵਿਚੋਂ ਚੰਦ ਸ਼ੇਅਰ ਸੁਣਾਉਂਦਾ ਹਾਂ-

ਹਮੀਂ ਸੇ ਅਪਨੀ ਨਵਾ ਹਮਕਲਾਮ ਹੋਤੀ ਰਹੀ<br>
ਯੇ ਤੇਗ ਅਪਨੇ ਲਹੂ ਮੇਂ ਤਮਾਮ ਹੋਤੀ ਰਹੀ<br>
ਮੁਕਾਬਲੇ ਸਫ਼-ਆਰਾ ਜਿਸੇ ਕੀਆ ਆਗਾਜ਼<br>
ਵੋ ਜੰਗ ਅਪਨੇ ਹੀ ਦਿਲ ਮੇਂ ਤਮਾਮ ਹੋਤੀ ਰਹੀ।

ਇਸੇ ਤਰ੍ਹਾਂ ਅਸੀਂ ਬੰਗਲਾ ਦੇਸ਼ ਬਣਨ ਦੇ ਬਾਅਦ ਢਾਕਾ ਗਏ ਸੀ। ਉਨ੍ਹਾਂ ਲਈ ਵੀ ਇਕ ਗ਼ਜ਼ਲ ਕਹੀ ਸੀ, ਜਿਸਦੇ ਦੋ ਸ਼ੇਅਰ ਇੰਝ ਹਨ -

ਹਮ ਤੋ ਠਹਿਰੇ ਅਜਨਬੀ ਇਤਨੀ ਮੁਦਾਰਾਤੋਂ ਕੇ ਬਾਦ
ਫਿਰ ਬਨੇਂਗੇ ਆਸ਼ਨਾ ਕਿਤਨੀ ਮੁਲਾਕਾਤੋਂ ਕੇ ਬਾਦ?
ਕਬ ਨਜ਼ਰ ਮੇਂ ਆਏਗੀ ਬੇਦਾਗ਼ ਸਬਜ਼ੇ ਕੀ ਬਹਾਰ
ਖ਼ੂਨ ਕੇ ਧੱਬੇ ਧੁਲੇਂਗੇ ਕਿਤਨੀ ਬਰਸਾਤੋਂ ਕੇ ਬਾਦ?

ਜੋ ਤਜਰਬਾ ਹੁੰਦਾ ਹੈ ਉਸੇ ਦੇ ਮੁਤਾਬਿਕ ਸਿੰਬਲ (ਚਿੰਨ੍ਹ) ਬਣਦੇ ਚਲੇ ਜਾਂਦੇ ਹਨ। ਕਹਿਣਾ ਇਹ ਚਾਹੀਦਾ ਹੈ ਕਿ ਜ਼ਿੰਦਗੀ ਵਿਚ ਪੇਸ਼ ਆਉਣ ਵਾਲੇ ਹਾਲਾਤ ਹੀ ਸ਼ਾਇਰੀ ਵਿਚ ਆਪਣੇ ਚਿੰਨ੍ਹ ਜਾਂ ਬਿੰਬ ਖ਼ੁਦ ਬਣਾਉਂਦੇ ਚਲੇ ਜਾਂਦੇ ਹਨ।

**ਪ੍ਰਸ਼ਨ** ਤੁਹਾਡੀ ਪੰਜਾਬੀ ਕਵਿਤਾ ਕਿਸ ਪੱਧਰ ਦੀ ਹੈ?

**ਉੱਤਰ** ਕੋਈ ਬਹੁਤ ਉੱਚੀ ਪੱਧਰ ਦੀ ਨਹੀਂ। ਸ਼ੌਕ ਲਈ ਤੇ ਦਿਲ ਦੀ ਤਸੱਲੀ ਲਈ ਕਦੀ ਕਦੀ ਪੰਜਾਬੀ ਵਿਚ ਲਿਖਦਾ ਹਾਂ। ਮੈਂ ਸਮਝਦਾ ਹਾਂ ਕਿ ਮੈਂ ਵੱਡੇ ਉਰਦੂ ਸ਼ਾਇਰਾਂ ਦਾ ਟਾਕਰਾ ਕਰ ਸਕਦਾ ਹਾਂ, ਵਾਰਿਸਸ਼ਾਹ ਦਾ ਨਹੀਂ।

**ਪ੍ਰਸ਼ਨ** ਕੀ ਤੁਸੀਂ ਸਮਝਦੇ ਹੋ ਕਿ ਕਵਿਤਾ ਵਿਚ ਫਲਸਫਾ ਹੋਣਾ ਜ਼ਰੂਰੀ ਹੈ?

**ਉੱਤਰ** ਚੰਗੀ ਤੇ ਸ਼੍ਰੇਸ਼ਟ ਕਵਿਤਾ ਵਿਚ ਫਲਸਫ਼ਾ ਇੰਝ ਰਚਿਆ ਹੁੰਦਾ ਹੈ ਜਿਵੇਂ ਫਲ ਵਿਚ ਮਿਠਾਸ। ਹਰ ਵੱਡਾ ਕਵੀ ਸੁਤੇ ਸਿੱਧ ਹੀ ਫਿਲਾਸਫਰ ਹੁੰਦਾ ਹੈ ਪਰ ਹਰ ਫਿਲਾਸਫਰ ਕਵੀ ਨਹੀਂ ਹੁੰਦਾ। •

> "ਤਰਕ ਵਿਤਰਕ ਵੀ ਕਈ ਵਾਰੀ ਬੜਾ ਮਹੱਤਵਪੂਰਣ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਭਾਗਵਤ ਗੀਤਾ ਜੋ ਮਹਾਂਭਾਰਤ ਦਾ ਛੋਟਾ ਜਿਹਾ ਹਿੱਸਾ ਹੈ - ਵਿਚ ਦੋ ਵਿਰੋਧੀ ਨੈਤਿਕਤਾਵਾਂ ਦਾ ਟਕਰਾ ਵੇਖਿਆ ਜਾ ਸਕਦਾ ਹੈ। ਕ੍ਰਿਸ਼ਨ ਫ਼ਰਜ਼ ਨਿਭਾਉਣ ਉੱਪਰ ਬਲ ਦਿੰਦਾ ਹੈ ਪਰ ਦੂਜੇ ਪਾਸੇ ਅਰਜੁਨ ਫਰਜ਼ ਨਿਭਾਉਣ ਤੋਂ ਹੋਣ ਵਾਲੇ ਭੈੜੇ ਨਤੀਜਿਆਂ ਤੋਂ ਬਚਣਾ ਚਾਹੁੰਦਾ ਹੈ ਅਤੇ ਚੰਗੇ ਨਤੀਜੇ ਸਿਰਜਣਾ ਚਾਹੁੰਦਾ ਹੈ... ਅਰਜੁਨ ਪ੍ਰਸ਼ਨ ਕਰਦਾ ਹੈ ਕਿ ਕੀ ਸਿਰਫ ਫਰਜ਼ ਨਾਲ ਹੀ ਵਾਸਤਾ ਰੱਖਣਾ ਚਾਹੀਦਾ ਹੈ ? ਤੇ ਸਹੀ ਮੰਤਵ ਨਾਲ ਜੁੜਨਾ ਚਾਹੀਦਾ ਹੈ ? ਅਤੇ ਆਪਣਿਆ ਦੇ ਕਤਲੇਆਮ ਅਤੇ ਦੁੱਖਾਂ-ਦਰਦਾਂ ਵੱਲੋਂ ਅੱਖਾਂ ਬੰਦ ਕਰ ਲੈਣੀਆਂ ਚਾਹੀਦੀਆਂ ਹਨ? ਯੁੱਧ ਇਹੀ ਕੁਝ ਤਾਂ ਕਰੇਗਾ।... ਧਾਰਮਿਕ ਪਿਛੋਕੜ ਵਿਚ ਫ਼ਰਜ਼ ਨਿਭਾਉਣ ਦਾ ਤਰਕ ਜਿੱਤਦਾ ਹੈ।"
>
> (ਅਮਰਤਿਆ ਸੇਨ, ਦਾ ਆਰਗੂਮੈਂਟੇਟਿਵ ਇੰਡੀਅਨ, ਪੰਨਾ 3-4)





# ਚਾਰ ਗ਼ਜ਼ਲਾਂ

- ਤਨਵੀਰ ਬੁਖ਼ਾਰੀ

## 1.

ਰਲ਼ ਕੇ ਤੌਣੀ ਲਾਓ ਜਿਹੜਾ ਕਰਦਾ ਸੀਨਾ ਜ਼ੋਰੀ ਏ।
ਤੋੜ ਅੱਪੜੇ ਯਾ ਨਾ ਅੱਪੜੇ, ਮੈਂ ਤੇ ਗੱਲ ਚਾ ਟੋਰੀ ਏ।

ਕੁੜੀਆਂ ਵਾਂਗਾਂ ਲਾਹ ਸੁੱਟੀਆਂ ਤੇ ਝੰਫ ਲਈਆਂ ਨੇ ਮੁੰਡਿਆਂ ਨੇ
ਬਾਬਾ! ਤੂਈਓਂ ਈ ਚੁੱਪ ਕਰ ਜਾ, ਖੱਚ ਜੋ ਬਾਲ੍ਹਾ ਭੋਰੀ ਏ।

ਕੱਲਿਆਂ ਪਿੜ ਦੇ ਵਿਚ ਖਲੋ ਕੇ, ਡਾਂਗਾਂ ਖਾਂਦਿਆਂ ਰਹਿਣਾ ਏਂ,
ਭੱਜ ਕੇ ਰੱਬ ਦੇ ਉਹਲੇ ਹੋਈਏ, ਅਰਸ਼ ਨੂੰ ਕਿਹੜੀ ਮੋਰੀ ਏ।

ਖਾਣਾ ਪੀਣਾ ਤੇ ਮਰ ਜਾਣਾ, ਮਕਸਦ ਤੇ ਨਹੀਂ ਜੀਵਣ ਦਾ,
ਤਾਂ ਹੈ ਜਿਹਨੂੰ ਪੀੜ ਕਿਸੇ ਦੀ, ਮਿੱਟੀ ਦੀ ਉਹ ਬੋਰੀ ਏ।

ਨਿਰੀਆਂ ਗ਼ਜ਼ਲਾਂ ਨਾਲ 'ਬੁਖਾਰੀ' ਸੱਖਣਾ ਪੇਟ ਭਰੇਂਦਾ ਨਹੀਂ,
ਮੂੰਹ ਭੰਨ ਦਿੱਤਾ ਪਿਆਰ ਨੇ ਹੁਣ ਤਾਂ ਰੋਟੀ ਮੰਗਦੀ ਗੋਰੀ ਏ।

## 2.

ਉਮਰ ਪੜ੍ਹੇਂਦਿਆਂ ਬੁੱਢੀ ਹੋਈ, ਹਾਲੇ ਇਲਮ ਅੰਞਾਣਾ।
ਸਮਝ ਕੇ ਆਪਣੇ ਆਪ ਨੂੰ ਦਾਨਾ, ਜਾਹਲ ਰਹਿਯਾ ਨਿਮਾਣਾ।

ਨਾਦਰ ਸ਼ਾਹ ਦੇ ਲਸ਼ਕਰ ਵਾਂਗੂੰ, ਮਿੱਧ ਗਿਆ ਪੈਰਾਂ ਥੱਲੇ,
ਕਿਹੜੇ ਵਸਲੋਂ ਚੇਤੇ ਆਵੇ, ਸਾਨੂੰ ਵਕਤ ਪੁਰਾਣਾ।

ਅਸੀਂ ਬੇਹਿਰਸੇ ਜਿਹੇ ਜ਼ਰਦਾਰਾ! ਬੁਜ਼ਦਿਲ ਆਂ ਯਾ ਸੂਫ਼ੀ,
ਸਹਿ ਜਾਨੇ ਆਂ ਜ਼ੁਲਮ ਤਿਰੇ ਨੂੰ, ਸਮਝ ਕੇ ਰੱਬ ਦਾ ਭਾਣਾ।

ਖਾ ਜਾਣਾ ਸੀ ਵੇਚ ਕੇ ਰੱਬ ਨੂੰ, ਕਰ ਕੇ ਹੇਠਾ ਜੇਠੀ,
ਜੇਕਰ ਮੁੱਲਾਂ ਵਾਂਗੂੰ ਮੈਂ ਵੀ, ਹੁੰਦਾ ਏਡ ਸਿਆਣਾ।
ਅਸੀਂ ਉਨ੍ਹਾਂ ਚੋਂ ਨਾਹੀਂ ਜਿਹੜੇ, ਨਿਰੇ ਮਰਨ ਲਈ ਜੰਮੇ,

ਅਸੀਂ ਬੁਖਾਰੀ ਦੁਨੀਆਂ ਨੂੰ ਕੋਈ ਕੰਮ ਵਿਖਾ ਕੇ ਜਾਣਾ।

3.

ਲੈ ਗਈਆਂ ਜਦ ਖੋਹ ਕੇ ਮੈਨੂੰ, ਮੇਰੀਆਂ ਫ਼ਨਕਾਰੀਆਂ।
ਬੇਮਜ਼ਾ ਹੋ ਗਈਆਂ ਮਿੱਠੀਆਂ ਚੀਜ਼ਾਂ ਵਸਤਾਂ ਸਾਰੀਆਂ।

ਤਰਸ ਨਹੀਂ ਜ਼ਾਲਿਮ ਨੂੰ ਆਇਆ, ਵੇਖ ਰੱਬਾ ਡਾਢਿਆ,
ਬਾਲਕਾਂ ਦੇ ਸਿਰ ਚੁਕਾਈਆਂ, ਵਕਤ ਪੰਡਾਂ ਭਾਰੀਆਂ।

ਕੀ ਭਲਾ ਲੱਗਾ ਰਹੇਗਾ ਹਸ਼ਰ ਤੀਕਰ ਕਰਫਿਊ,
ਰੱਖੋਗੇ ਕਦ ਤੀਕ ਇੰਝ ਹੀ ਬੰਦ ਬੂਹੇ ਬਾਰੀਆਂ।

ਰੋ ਗਈਆਂ ਨੂੰ ਤਾਂ ਵਿਲਾਇਤੀ, ਪੈਸਿਆਂ ਦੀ ਲੋੜ ਸੀ,
ਸ਼ਾਇਰੀ ਸੱਖਣੀ 'ਬੁਖਾਰੀ' ਕਰਦੀ ਕੀ ਗ਼ਮਖਵਾਰੀਆਂ।

4.

ਮੇਰੀਆਂ ਤਦਬੀਰਾਂ ਤੇ ਔਗਤ ਈ ਗਈਆਂ ਸਾਰੀਆਂ।
ਮੁੜਨ ਲੱਗਿਆਂ ਕੁਦਰਤੋਂ ਈ ਖੁੱਲ੍ਹ ਗਈਆਂ ਬਾਰੀਆਂ।

ਮੁੜ ਪੁਰਾਣੇ ਮਿੱਤਰਾਂ ਦੇ ਚੇਤਿਆਂ ਆ ਪਾਈ ਭੀੜ,
ਚੜ੍ਹ ਗਈਆਂ ਲਾਰੀ ਤੇ ਜੋ ਸੀਟਾਂ ਤੋਂ ਵੱਧ ਅਸਵਾਰੀਆਂ।

ਕੀ ਪਤਾ ਕੀ ਕੀ ਤਮਾਸ਼ੇ ਲੱਗੇ ਸਨ ਰਾਹਾਂ ਦੇ ਵਿਚ,
ਮੈਂ ਜੋ ਆਹਮੋ ਲਾਹਮੋ ਝਾਤੀਆਂ ਨਹੀਂ ਮਾਰੀਆਂ।

ਕਰਦੇ ਨੇ ਸੋਹਣੇ ਹਮੇਸ਼ਾ ਆਸ਼ਕਾਂ ਦੇ ਦਿਲ ਤੇ ਰਾਜ,
ਚੌਧਰੀ ਕੰਮੀਆਂ ਦੇ ਸਿਰ ਤੇ ਕਰਦੇ ਜਿਉਂ ਸਰਦਾਰੀਆਂ।

ਲੰਘ ਗਈ ਏ ਆਖਰੀ 'ਵੈਗਨ' ਵੀ ਹੁਣ ਤੇ ਉੱਠ ਬਹੋ,
ਗਿਣ ਲਵੀਂ 'ਤਨਵੀਰ' ਕੱਲ੍ਹ ਨੂੰ ਫੇਰ ਆ ਕੇ ਲਾਰੀਆਂ।



ਇਕ ਲੰਮੀ ਕਵਿਤਾ

## ਸੰਨ ਸੰਤਾਲੀ ਕਵਿਤਾ ਦਾ ਪਿਛੋਕੜ

- ਹਰਭਜਨ ਸਿੰਘ ਹੁੰਦਲ

ਬਹੁਤ ਸਾਲ ਪਹਿਲਾਂ ਇੱਕ ਇੰਟਰਵਿਊ ਵਿਚ ਕਿਸੇ ਸੱਜਣ ਨੇ ਮੈਨੂੰ ਪੁੱਛਿਆ ਸੀ ਕਿ ਤੁਹਾਡੀ ਲਿਖਤ ਉੱਤੇ ਸੰਨ-ਸੰਤਾਲੀ ਦੀ ਦੇਸ਼ ਵੰਡ ਦਾ ਕੀ ਪ੍ਰਭਾਵ ਪਿਆ ਸੀ। ਇਸ ਪ੍ਰਸ਼ਨ ਦਾ ਮੇਰੇ ਕੋਲ ਕੋਈ ਸਪੱਸ਼ਟ ਤੇ ਢੁੱਕਵਾਂ ਉੱਤਰ ਨਹੀਂ ਸੀ। ਸੰਤਾਲੀ ਵੇਲੇ ਮੈਂ ਸੱਤਵੀਂ ਸ਼੍ਰੇਣੀ ਦਾ ਵਿਦਿਆਰਥੀ ਸੀ। ਬਾਅਦ ਦੇ ਵਰ੍ਹਿਆਂ ਵਿਚ ਜਦੋਂ ਮੈਨੂੰ ਹੌਲੀ-ਹੌਲੀ ਆਪਣੀਆਂ ਜੜ੍ਹਾਂ ਦਾ ਅਹਿਸਾਸ ਹੋਇਆ ਤੇ ਆਪਣੀ ਜੰਮਣ-ਭੋਂ ਦੇ ਮਹੱਤਵ ਦੇ ਅਰਥ ਉਜਾਗਰ ਹੋਣ ਲੱਗੇ ਤਾਂ ਮੈਂ ਬਾਰ-ਬਾਰ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੇ ਬਹਾਨੇ ਵਾਘੇ ਪਾਰ ਆਪਣੀ ਜੰਮਣ-ਭੋਂ ਦੇ ਦਰਸ਼ਨਾਂ ਲਈ ਜਾਣ ਲੱਗਾ। ਸਿੱਟੇ ਵਜੋਂ ਇਹਨਾਂ ਯਾਤਰਾਵਾਂ ਬਾਰੇ ਮੈਂ "ਮੁਹੱਬਤ ਦਾ ਸਫ਼ਰਨਾਮਾ' ਲਿਖਿਆ ਤੇ ਹੌਲੀ-ਹੌਲੀ ਵੀਹ ਤੋਂ ਵੱਧ ਕਵਿਤਾਵਾਂ ਇਸ ਬਾਰੇ ਲਿਖੀਆਂ। ਫਿਰ ਸੰਨ-ਸੰਤਾਲੀ ਦੇ ਇਸ ਭਿਆਨਕ ਦੁਖਾਂਤ ਬਾਰੇ ਮੈਂ ਹਰ ਨਵੀਂ ਛਪੀ ਕਿਤਾਬ ਖਰੀਦਣ ਲੱਗ ਪਿਆ। ਇਸ ਪਿੱਛੋਂ ਮੈਂ ਯਾਦਾਂ ਦੀ ਪੁਸਤਕ 'ਸੰਨ ਸੰਤਾਲੀ ਦੇ ਦਿਨ' ਲਿਖੀ। ਪਰ ਅਜੇ ਮੇਰੀ ਤੜਪਦੀ ਤਾਂਘ ਨੂੰ ਠੰਢ ਪੈਂਦੀ ਨਹੀਂ ਦਿਸਦੀ ਸੀ। ਵੰਡ ਦਾ ਇਹ ਫੋੜਾ ਰਿਸਦਾ ਹੀ ਰਹੇਗਾ ਤੇ ਮੈਨੂੰ ਇਸ ਬਾਰੇ ਹੋਰ-ਹੋਰ ਉਕਸਾਉਂਦਾ ਰਹੇਗਾ। ਅਜੇ ਵੀ ਮੇਰੀ ਕੋਸ਼ਿਸ਼ ਹੈ ਕਿ ਇਕ ਲੰਮੀ ਕਵਿਤਾ "ਸੰਤਾਲੀਨਾਮਾ" ਲਿਖਾਂ। ਵੇਖੋ ਕਦੋਂ ਲਿਖ ਸਕਾਂਗਾ। ਪੰਜਾਬੀ ਲੋਕਾਂ ਨਾਲ ਵੰਡ ਵੇਲੇ ਵੱਡਾ ਧ੍ਰੋਹ ਹੋਇਆ ਸੀ, ਜਿਸ ਦੀ ਚੀਸ ਮੱਠੀ ਹੋਣ ਵਾਲੀ ਨਹੀਂ। ਇਸ ਫੋੜੇ ਤੋਂ ਕਦੋਂ ਆਰਾਮ ਮਿਲੇਗਾ? ਸ਼ਾਇਦ ਨਾ ਹੀ ਮਿਲੇ। ਇਤਿਹਾਸ ਦੇ ਅਜਿਹੇ ਦੁਖਾਂਤਾਂ ਦੀ ਪੀੜ ਸਦੀਆਂ ਤੱਕ ਚਸਕਦੀ ਰਹਿੰਦੀ ਹੈ। ਹਥਲੀ ਕਵਿਤਾ ਤਾਂ ਇਸ ਦੁਖਾਂਤ ਦੀ ਕੇਵਲ ਮਾਤਰ ਸ਼ੁਰੂਆਤ ਹੀ ਹੈ। ਪਤਾ ਨਹੀਂ ਕਦੋਂ ਦੱਬੀ ਹੋਈ ਇਹ ਪੀੜ ਫੁੱਟ ਕੇ ਵਗਣ ਲੱਗ ਪਵੇ। ਹੁਣ ਮੈਂ ਬੁੱਢਾ ਹੋ ਗਿਆ ਹਾਂ। ਵਾਘੇ ਦੇ ਆਰ-ਪਾਰ ਜਾ ਸਕਣ ਦੇ ਯੋਗ ਨਹੀਂ ਰਿਹਾ। ਪਰ 'ਮਰਜ਼ ਬੜ੍ਹਤਾ ਗਿਆ ਜੂੰ ਜੂੰ ਦਵਾ ਕੀ' ਵਾਲੀ ਗੱਲ ਹੈ ਮੇਰੀ।

# ਸੰਨ-ਸੰਤਾਲੀ
### (ਲਾਲ-ਲਕੀਰ ਦੇ ਆਰ-ਪਾਰ)

- ਹਰਭਜਨ ਸਿੰਘ ਹੁੰਦਲ

**I.**

ਕਾਲੀ-ਬੋਲੀ ਹਨ੍ਹੇਰੀ ਵਾਂਗ
ਆ ਰਿਹਾ ਸੀ ਨੇੜੇ ਨੇੜੇ
ਪੰਦਰਾਂ-ਅਗਸਤ
ਤੇ ਪਤਾ ਨਹੀਂ ਸੀ
ਕਿ ਕਿਹੜਾ ਚੰਦ ਚੜ੍ਹਨਾ ਸੀ
ਉਸ ਦਿਹਾੜੇ।
ਸਕੂਲ ਬੰਦ ਸਨ
ਤੇ ਅਸੀਂ ਵਿਹਲੇ
ਮਾਸਟਰਾਂ ਦੀ ਡੰਡਾ-ਪ੍ਰੇਡ ਤੋਂ ਮੁਕਤ।
ਪਤਾ ਉਦੋਂ ਲੱਗਾ, ਜਦੋਂ ਪਿੰਡੋਂ
ਇੱਕ ਜਣਾ ਘੋੜੀ ਭਜਾਉਂਦਾ
ਆਇਆ ਤੇ ਆਖਣ ਲੱਗਾ,
"ਖੋਲ੍ਹ ਦਿਓ ਰੱਸੇ ਸੰਗਲ
ਸਭ ਡੰਗਰਾਂ ਦੇ
ਤੇ ਭੱਜ ਆਓ ਪਿੰਡ ਨੂੰ
ਪਿੰਡ ਉੱਠ ਚੱਲਿਆ ਜੇ!"
ਬੰਬ ਵਾਂਗ ਫਟੀ ਇਹ ਖ਼ਬਰ
ਸਾਡੇ ਲਈ
ਸੁਣ ਕੇ ਹੈਰਾਨ, ਪ੍ਰੇਸ਼ਾਨ ਹੋਏ
ਬੌਂਦਲੇ, ਹੌਂਕਦੇ, ਹਫ਼ਦੇ
ਅਸੀਂ ਮਰ ਕੇ ਪਿੰਡ ਪਹੁੰਚੇ
ਸਾਹ ਵਿਚ ਸਾਹ ਨਹੀਂ ਸੀ
ਰਲਦਾ ਪਿਆ
ਸਾਡਾ ਸਭਨਾਂ ਦਾ।

**II.**

ਬੂਹੇ ਅੱਗੇ ਗੱਡਾ ਖਲੋਤਾ ਸੀ
ਤੇ ਲੱਦੀ ਜਾ ਰਹੇ ਸਨ ਸਾਰੇ
ਬੰਨ੍ਹ ਬੰਨ੍ਹ ਪੰਡਾਂ
ਚੀਜ਼ਾਂ ਵਸਤਾਂ ਦੀਆਂ
ਹਫਲ਼ੇ ਹੋਏ ਨੇ ਮਾਂ ਨੂੰ ਪੁੱਛਿਆ
"ਮਾਂ, ਗੱਲ ਕੀ ਹੋਈ?"
ਆਖਣ ਲੱਗੀ,
"ਪੁੱਤਰ, ਆਹ ਲੀੜਿਆਂ ਦੀ ਪੰਡ
ਸੁੱਟ ਕੇ ਆ, ਗੱਡੇ ਤੇ ਪਹਿਲਾਂ
ਫਿਰ ਦੱਸਦੀ ਹਾਂ ਸਾਰੀ ਗੱਲ।"

ਪ੍ਰਸ਼ਨਾਂ ਦਾ ਝੁਰਮਟ ਸੀ
ਤੇ ਉੱਤਰ?
ਉੱਤਰ ਕਿਸੇ ਕੋਲ ਵੀ ਨਹੀਂ ਸੀ
ਵਿਹੜਾ ਇੰਝ ਸੀ
ਜਿਵੇਂ ਹਨ੍ਹੇਰੀ ਵਗ ਕੇ ਹਟੀ ਹੋਵੇ
ਹੁਣੇ ਹੁਣੇ।
ਮਾਂ ਕਾਹਲੀ ਕਾਹਲੀ
ਖੁਰਪਾ ਮਾਰਦੀ ਪਈ ਸੀ, ਕੜਾਹੀ ਵਿਚ
"ਇਹ ਕੀ ਕਰਦੀ ਪਈ ਏ ਅੰਮਾ?
ਕਹਿਣ ਲੱਗੀ,
"ਰਾਹ ਵਿਚ ਖਾਵਾਂਗੇ ਕੀ?
ਮੈਂ ਸੋਚਿਆ
ਸਭ ਕੁਝ ਇਥੇ ਹੀ ਰਹਿ ਜਾਣਾ ਹੈ
ਕਿਉਂ ਨਾ ਘਰ ਦੇ ਘਿਉ ਦੀ
ਪੰਜੀਰੀ ਹੀ ਬਣਾ ਲਵਾਂ।"

"ਮਾਂ, ਪਿੰਡ ਤੇ ਸਾਰਾ
ਨਿਕਲ ਤੁਰਿਆ ਹੈ, ਘਰਾਂ ਵਿਚੋਂ
ਤੇ ਤੂੰ ਪੰਜੀਰੀ ਬਣਾ ਰਹੀ ਹੈਂ?"

ਆਖਣ ਲੱਗੀ,
ਪੁੱਤਰ, ਕਹੋ ਆਪਣੇ ਪਿਉ ਨੂੰ
ਗੱਡਾ ਤੋਰੇ
ਪੰਜੀਰੀ ਦੀ ਕੋਈ ਦੇਰੀ ਨਹੀਂ ਹੈ।

**III.**

ਰਾਹ ਵਿਚ ਪਹਿਲਾਂ ਪਿੰਡ
ਆਦਿ-ਵਾਸੀ ਜਾਂਗਲ਼ੀਆਂ ਦਾ ਸੀ
ਸਿੱਧੇ-ਸਾਦੇ, ਨਿਰਛਲ ਲੋਕ
ਵੇਖ ਕੇ ਆਖਣ ਲੱਗੇ,
"ਹੇ, ਸਰਦਾਰੋ! ਕਿਦ੍ਹੇ ਚੱਲੇ ਜੇ?"
ਜੇ ਕਿਤੇ ਲੀਗੀਆਂ ਦੇ ਭੜਕਾਏ ਹੁੰਦੇ
ਤਾਂ ਭਾਵੇਂ ਸਾਨੂੰ
ਏਥੇ ਹੀ ਵੱਢ-ਟੁੱਕ ਸੁੱਟਦੇ।
ਆਖਣ ਲੱਗੇ,
"ਸਾਡੇ ਲਾਇਕ ਕੋਈ ਸੇਵਾ?"
ਸੋਚਿਆ
ਇਹ ਸੇਵਾ ਕੋਈ ਛੋਟੀ ਨਹੀਂ ਸੀ
ਕਿ ਉਹਨਾਂ ਸਾਡਾ ਰਾਹ ਨਹੀਂ
ਸੀ ਰੋਕਿਆ।

**IV.**

ਗੱਡਿਆਂ ਦੀ ਇਹ ਲਾਮ-ਡੋਰੀ
ਚਾਰ ਕੋਹ ਉੱਤੇ
ਸ਼ੁਭਚਿੰਤਕਾਂ ਦੇ ਪਿੰਡ ਜਾ ਕੇ ਰੁਕੀ
ਗੱਡੇ ਅਟਕੇ, ਤੇ ਲੋਕਾਂ
ਸੁੱਖ ਦਾ ਸਾਹ ਲਿਆ।
ਪਰ ਨਾ ਹੁਣ ਸਿਰ ਤੇ ਛੱਤ ਸੀ ਆਪਣੀ
ਤੇ ਨਾ ਪੈਰਾਂ ਹੇਠਾਂ ਆਪਣੀ ਮਿੱਟੀ
ਸੰਧਿਆ ਦਾ ਵੇਲਾ ਸੀ
ਰੱਬ ਦਾ ਨਾਂ ਲੈਣ ਦੀ ਘੜੀ
ਪਰ ਸਭ ਨੂੰ ਕੀਰਤਨ ਸੋਹਲਾ
ਭੁੱਲ-ਭੁਲਾ ਗਿਆ ਸੀ ਅੱਜ।

ਲੱਖ ਸ਼ੁਕਰ ਕਿ ਰਾਹ ਵਿਚ
ਕਿਸੇ ਭੜਕੀ ਭੀੜ ਨੇ
ਸਾਡਾ ਕੀਰਤਨ ਸੋਹਲਾ ਨਹੀਂ ਸੀ
ਪੜ੍ਹਿਆ।
ਚਾਰ-ਚੁਫੇਰਾ ਵੇਖ
ਲੋਕਾਂ ਨੇ ਗਲ਼ੀਆਂ ਵਿਚ ਹੀ
ਚੁੱਲ੍ਹੇ ਪੁੱਟੇ, ਅੱਗ ਧੁਖਾਈ
ਦਾਲ਼ਾਂ ਰਿੱਝਣ ਲੱਗੀਆਂ
ਮੱਠੀ ਮੱਠੀ ਅੱਗ ਉੱਤੇ
ਤੇ ਆਟੇ ਦੀ ਸੁਗੰਧ
ਘੁਲਣ ਲੱਗੀ ਵਾਤਾਵਰਣ ਵਿਚ
ਅੱਜ ਸਾਡੇ ਉਜਾੜੇ ਦਾ ਪਹਿਲਾ
ਦਿਨ ਸੀ
ਦਰਦ-ਭਰੀ ਲੰਮੀ ਕਥਾ ਦਾ
ਪਹਿਲਾ ਪੰਨਾ।

**V.**

ਕਈ ਪਿੰਡਾਂ ਦੇ ਉਜੜੇ ਲੋਕ
ਇਕੱਠੇ ਹੁੰਦੇ ਗਏ ਹੌਲੀ ਹੌਲੀ
ਸਾਰਾ ਦਿਨ
ਗੱਲਾਂ ਖਹਿਬੜਦੀਆਂ
ਆਪੋ ਵਿਚ

ਪਰ ਕਿਸੇ ਤਣ-ਪੱਤਣ ਨਾ ਲੱਗਦੀਆਂ।
ਹਰ ਕਿਸੇ ਦੇ ਪੱਲੇ
ਆਪਣਾ ਆਪਣਾ ਤਰਕਸ਼
ਆਪਣੀਆਂ ਆਪਣੀਆਂ ਅਫ਼ਵਾਹਾਂ
ਤੇ ਕਿਆਸ-ਆਰਾਈਆਂ।
ਕੋਈ ਕਹਿੰਦਾ,
"ਹੱਲਾ ਹੋਇਆ ਭੁਲੇਰ ਪਿੰਡ ਉੱਤੇ
ਮਸ਼ੀਨ-ਗੰਨਾਂ ਨਾਲ
ਤੇ ਸਭ ਕੁਝ ਖ਼ਤਮ
ਕੋਈਂ ਰਾਤ-ਬਰਾਤੇ
ਭੱਜ ਕੇ ਹੀ ਬਚਿਆ ਹੋਊ।"
ਕੋਈ ਹੋਰ ਛੁਰਲੀ ਛੱਡਦਾ,
"ਮੁੜ ਚੱਲਾਂਗੇ ਘਰਾਂ ਨੂੰ
ਠੰਡ-ਠੰਡੋਰਾ ਹੋਣ ਉੱਤੇ।"
ਉਸਦੇ ਮੂੰਹ ਵੱਲ ਵੇਖਦੇ
"ਪਿੱਛੇ ਦੀ ਨਹੀਂ
ਅੱਗੇ ਦੀ ਸੋਚੋ ਹੁਣ।"
ਕਿਸੇ ਦੀ ਟਿੱਪਣੀ ਹੁੰਦੀ।
ਜਿੰਨੇ ਮੂੰਹ ਉਨੀਆਂ ਗੱਲਾਂ ਸਨ
ਤੇ ਗੱਲਾਂ ਰੋਜ਼ ਭਿੜਦੀਆਂ
ਟਕਰਾਉਂਦੀਆਂ ਸਨ
ਆਪੋ ਵਿਚ
ਤੇ ਸਿਰਾ ਕੋਈ ਨਹੀਂ ਸੀ ਲੱਭਦਾ।

VI.

ਅੱਖਾਂ ਪੱਕ ਗਈਆਂ ਸਨ
ਉਡੀਕ ਕਰਦਿਆਂ
ਤੇ ਸਿਰ ਤੇ ਸਿਆਲ ਖਲੋਤਾ ਸੀ
ਮੂੰਹ ਅੱਡੀ ਸਰਾਲ਼ੇ ਵਾਂਗ
ਕਦੋਂ ਲੱਗੇਗੀ ਗੱਲ ਕਿਸੇ
ਤਣ-ਪੱਤਣ।
ਅੱਕਿਆ ਪਿਆ ਸੀ ਹਰ ਕੋਈ
ਸੋਚਦੇ, ਸੋਚਦੇ
ਉਡੀਕਦੇ, ਉਡੀਕਦੇ।
ਅਖ਼ੀਰ ਇੱਕ ਦਿਨ ਚੁੱਪ ਟੁੱਟੀ
ਫ਼ੌਜ ਦੀ ਆਈ ਟੁਕੜੀ ਨੇ ਆਖਿਆ
"ਕੱਲ੍ਹ ਨੂੰ ਤੁਰੇਗਾ ਕਾਫ਼ਲਾ
ਦੱਸ ਦਿਓ ਸਾਰਿਆਂ ਨੂੰ।"
ਖ਼ਬਰ ਇੰਝ ਫੈਲੀ
ਜਿਵੇਂ ਕਮਾਦ ਦੀ ਲੱਗੀ ਅੱਗ
ਫੈਲਦੀ ਹੈ।
ਸਭ ਨੇ ਸੁੱਖ ਦਾ ਸਾਹ ਲਿਆ
ਤੇ ਲੱਗੀ ਹੋਣ ਤੁਰਨ ਦੀ
ਤਿਆਰੀ।
ਦਿਨ ਚੜ੍ਹਦੇ ਤੁਰੀ
ਗੱਡਿਆਂ ਦੀ ਲਾਮ ਡੋਰੀ
ਤੇ ਨਾਲ ਨਾਲ
ਗੰਢੜੀਆਂ ਚੁੱਕੀ
ਕੁਝ ਪ੍ਰਛਾਵੇਂ, ਕੁਝ ਪੀੜਾਂ
ਤੇ ਹਿਰਦਿਆਂ ਵਿਚ
ਘਰਾਂ ਤੋਂ ਉੱਜੜ ਜਾਣ ਦਾ ਸਲ੍ਹ
ਕਿਹੜਾ ਵਤਨ ਸੀ
ਤੇ ਕਿਸ ਦੀ ਮਿੱਟੀ?
ਕਿੱਥੇ ਕੁ ਸੀ ਸਾਡੀ ਮੰਜ਼ਿਲ
ਤੇ ਕਿੱਥੇ ਕੁ ਸੁਪਨਿਆਂ ਦੀ ਸੀਮਾ?

VII.

ਕਦੇ ਅੱਗੇ ਹੁੰਦੀਆਂ
ਫੌਜੀ ਜੀਪਾਂ
ਤੇ ਕਦੇ ਪਿੱਛੇ
ਕਿਸੇ ਦਾ ਗੱਡਾ ਟੁੱਟਦਾ
ਤੇ ਕਿਸੇ ਦਾ ਬੈਲ ਅੜ ਖਲੋਂਦਾ



ਪਰ ਗੱਡਿਆਂ ਦੀ
ਹੌਲੀ ਹੌਲੀ ਰੀਂਗਦੀ ਲੰਮੀ ਕਤਾਰ
ਜੂੰ ਤੋਰੇ ਤੁਰਦੀ
ਅੱਗੇ ਨੂੰ ਸਰਕਦੀ ਜਾਂਦੀ
ਹਰ ਕਦਮ ਤੇ ਇੰਝ ਪ੍ਰਤੀਤ ਹੁੰਦਾ
ਜਿਵੇਂ ਆਪਣੇ ਹਿੱਸੇ ਦੀ ਧਰਤੀ ਵਲ
ਦਾ ਫ਼ਾਸਲਾ
ਪਲ ਪਲ ਘੱਟਦਾ ਜਾ ਰਿਹਾ ਹੋਵੇ।
ਪਿੱਛਲ-ਝਾਕ ਘੱਟਦੀ ਜਾਂਦੀ
ਤੇ ਅੱਗੇ ਦੇ ਸੰਸੇ ਵਧਦੇ ਜਾਂਦੇ।
ਅਖ਼ੀਰ ਇਕ ਦਿਨ
ਰਾਵੀ ਦੇ ਕਿਨਾਰੇ
ਬੱਲੋ-ਕੀ-ਹੈੱਡ ਉੱਤੇ
ਰੋੜਕਾ ਪਿਆ
ਕਾਫ਼ਲਾ ਰੁਕਿਆ
ਸਭ ਨੂੰ ਚਿੰਤਾ ਹੋਈ
ਪੁਲ ਦੇ ਪਹਿਰੇਦਾਰ ਕਹਿਣ ਲੱਗੇ,
"ਤਲਾਸ਼ੀ ਲੈ ਕੇ ਲੰਘਣ ਦੇਵਾਂਗੇ
ਅਸੀਂ ਪੁਲ ਤੋਂ ਪਾਰ।
ਰੱਖੀ ਜਾਓ ਐਥੇ
ਜੋ ਕੁਝ ਹੈ ਅੰਦਰ-ਬਾਹਰ।"
ਕਿਸ ਦਾ ਹੁਕਮ ਸੀ
ਤੇ ਕਿਸਦੀ ਸਰਕਾਰ?
ਆਰ ਪਾਰ।
ਪਰ ਛੇਤੀ ਹੀ ਪਰਤ ਆਈ ਹੋਸ਼
ਤੇ ਖੁੱਲ੍ਹ ਗਏ ਪੁਲ ਦੇ ਦਵਾਰ
ਬੰਦ ਹੋ ਗਈ
ਨਾਦਰ-ਸ਼ਾਹ ਦੀ ਲੁੱਟ ਸਰੇ-ਬਜ਼ਾਰ
ਮੁੜ ਤੋਂ ਸਰਕਣ ਲੱਗੀ
ਖਲੋਤੀ ਜ਼ਿੰਦਗੀ
ਰਾਵੀ ਦੇ ਆਰ-ਪਾਰ

VIII.

ਕਦੇ ਤੁਰਦੇ, ਕਦੇ ਅਟਕਦੇ
ਰਾਤ-ਭਰ ਲਈ ਸਸਤਾਉਂਦੇ
ਤੁਰੀ ਗਈ ਗੱਡੇ ਤੇ ਮਨੁੱਖ
ਢੀਚਕ ਢੀਚਕ ਕਰਦੇ
ਹਫ਼ਤਾ-ਭਰ।
ਸਦ ਸ਼ੁਕਰ
ਕੋਈ ਹਾਦਸਾ ਨਹੀਂ ਹੋਇਆ
ਰਾਹ ਵਿਚ, ਵੱਢਣ ਟੁੱਕਣ ਵਾਲ਼ਾ
ਸ਼ੱਕ ਨਹੀਂ
ਕਿ ਮੁੱਠ ਵਿਚ ਆਈ ਰਹਿੰਦੀ ਸੀ ਜਾਨ
ਤੇ ਸਾਹ ਹਰ ਪਲ ਸੁੱਕਦੇ ਰਹਿੰਦੇ ਸੀ
ਗੱਡਿਆਂ ਦੇ ਨਾਲ-ਨਾਲ
ਪ੍ਰਛਾਵੇਂ ਦੇ ਵਾਂਗ
ਤੁਰਦਾ ਜਾਂਦਾ ਸੀ ਇਕ ਧਰਵਾਸ
ਤੇ ਹਰ ਪਲ ਵੱਧਦੀ ਜਾਂਦੀ
ਸੀ ਆਸ।
ਇੰਝ ਲੱਗਦਾ
ਹਰ ਛਿਣ, ਹਰ ਪਲ
ਸਰਹੱਦ ਸਰਕਦੀ ਆਉਂਦੀ ਸੀ
ਕੋਲ ਕੋਲ।
ਸਿਆਣੇ ਹੌਸਲਾ ਦਿੰਦੇ ਆਖਦੇ
'ਬੱਸ ਹੁਣ, ਦਿਹਾੜੀ ਡੰਗ ਦੀ ਗੱਲ
ਹੈ ਸਾਰੀ।
ਟੱਪ ਜਾਣੀ ਹੈ ਆਪਾਂ
ਲਾਲ-ਲਕੀਰ ਤੇ ਲਹੂ ਦੀ ਨਦੀ।
ਪਤਾ ਨਹੀਂ
ਇਹ ਲਾਲ-ਲਕੀਰ
ਕਿਹੜੀ ਐਵਰਿਸਟ

ਦੀ ਚੋਟੀ ਸੀ
ਜਿਹੜੀ ਅਸਾਂ ਟੱਪਣੀ ਸੀ।

### IX.

ਥੱਕਿਆਂ ਟੁੱਟਿਆਂ ਨੂੰ
ਬਾਲਾਂ ਵਾਂਗ ਵਰਚਾਉਂਦੇ
ਦਾਨਸ਼-ਮੰਦ ਆਖਦੇ।
'ਗੱਲ ਤਾਂ ਹੁਣ ਕੰਢੇ ਉੱਤੇ
ਆਈ ਪਈ ਹੈ।"
ਸ਼ਾਇਦ ਇਕ ਆਸ ਉੱਤੇ ਹੀ
ਤੁਰੀ ਜਾ ਰਹੇ ਸਨ
ਥੱਕੇ ਟੁੱਟੇ, ਹਾਰੇ ਹੰਭੇ ਕਦਮ।
'ਕਦੋਂ ਆਏਗੀ ਲਾਲ ਲਕੀਰ?"
ਲੋਕ ਪੁੱਛਦੇ
"ਬੱਸ ਹੁਣ ਦੂਰ ਨਹੀਂ ਹੈ
ਸੁਧਰਨ ਵਾਲੀ ਹੈ ਸਭ ਦੀ
ਤਕਦੀਰ।"

### X.

ਇੱਕ ਦਿਨ ਇੱਕ ਕਸਬੇ
ਕੋਲ ਦੀ ਲੰਘਦਿਆਂ
ਇੱਕ ਬਜ਼ੁਰਗ ਆਖਣ ਲੱਗਾ
'ਪਤਾ ਜੇ ਇਹ ਕਿਸ ਦਾ ਸ਼ਹਿਰ ਹੈ?
ਇਹ ਬੁੱਲ੍ਹੇ-ਸ਼ਾਹ ਦਾ ਵਤਨ ਕਸੂਰ ਹੈ
ਔਹ ਵੇਖੋ, ਖਜੂਰਾਂ ਦੇ ਉੱਚੇ-ਉੱਚੇ ਬਿਰਖ"
ਕਾਸ਼! ਜੇ ਅੱਜ ਬੁੱਲ੍ਹਾ ਜਿਊਂਦਾ ਹੁੰਦਾ
ਤਾਂ ਅਸੀਂ ਵੀ ਉਸਦੀ ਖੂਹੀ ਦਾ
ਠੰਢਾ ਪਾਣੀ ਪੀਂਦੇ
ਤੇ ਖਜੂਰਾਂ ਖਾਂਦੇ।
ਸ਼ਹਿਰੋਂ ਬਾਹਰ ਨਿਕਲੇ
ਤਾਂ ਉਹੀ ਸੱਜਣ ਆਖਣ ਲੱਗਾ
"ਬੱਸ, ਅੱਜ ਸ਼ਾਮ ਤੀਕਰ
ਆਪਾਂ ਖੇਮਕਰਨ ਪਹੁੰਚ ਜਾਣਾ
ਲਾਲ-ਲਕੀਰ ਤੋਂ ਪਾਰ।"
ਸੁਣਕੇ ਚਾਅ ਜਿਹਾ ਚੜ੍ਹ ਗਿਆ
ਤੇ ਅਸੀਂ ਬਾਲ
ਅੱਡੀਆਂ ਚੁੱਕ ਚੁੱਕ
ਉੱਚੇ ਬਿਰਖਾਂ ਦੀਆਂ ਟੀਸੀਆਂ ਨੂੰ
ਵੇਖਣ ਲੱਗੇ।
ਸਰਹੱਦ ਦਾ ਨਾਂ ਸੁਣਕੇ
ਇੱਕ ਝਰਨਾਹਟ ਜਿਹੀ ਉੱਠਦੀ ਸੀ
ਸਾਰੇ ਜਿਸਮ ਵਿਚ
ਦੂਰ ਦੁਮੇਲਾਂ ਤੀਕ
ਧੁੱਪ ਨਾਲ ਰੰਗੀਆਂ
ਬਿਰਖਾਂ ਦੀਆਂ ਪਰੂੰਬਲਾਂ ਦਿਸਦੀਆਂ
ਅਖ਼ੀਰ ਸੰਧਿਆ ਉਤਰ
ਆਈ ਸੀ ਚਾਰੇ ਪਾਸੇ
ਤੇ ਕਿਸੇ ਦੀ ਮਿੱਠੀ
ਸੁਰੀਲੀ ਆਵਾਜ਼
ਹਵਾ ਵਿਚ ਲਰਜ਼ੀ।
"ਆਹ ਹੈ, ਉਹ ਲਾਲ-ਲਕੀਰ
ਸਾਡੀ ਮਾੜੀ-ਚੰਗੀ ਤਕਦੀਰ।"
ਜੀ ਕੀਤਾ, ਮਿੱਟੀ ਨੂੰ ਚੁੱਕ ਕੇ
ਮਸਤਕ ਤੇ ਲਾਈਏ।
ਪਰ ਉੱਜੜੇ ਘਰਾਂ ਦੀ ਪੀੜ ਨੇ
ਸਾਨੂੰ ਇਹ ਕੁਝ ਵੀ ਨਾ
ਕਰਨ ਦਿੱਤਾ।
ਫਿਰ ਵੀ ਸ਼ੁਕਰ ਕਰਦੇ ਸੀ,
ਕਿ ਘੱਲੂਘਾਰੇ ਵਿਚੋਂ
ਸਾਬਤ-ਸਬੂਤੇ ਨਿਕਲ
ਆਏ ਸੀ ਬਚਾ ਬਚਾ ਕੇ।



### XI.

ਜੀਵਨ ਦਾ ਇੱਕ ਕਾਂਡ
ਖ਼ਤਮ ਹੋ ਗਿਆ ਸੀ
ਤੇ ਅੱਗੇ?
ਅੱਗੇ ਪਤਾ ਨਹੀਂ ਸੀ
ਕਿ ਕਿੰਨੇ ਟੋਏ ਤੇ ਖੱਡਾਂ ਸਨ
ਵੱਢ ਖਾਣੇ ਹਾਦਸੇ
ਤੇ ਲਹੂ-ਚੂਸਣੇ ਇਮਤਿਹਾਨ
ਪਰ ਕੁਝ ਸੁਪਨੇ ਵੀ ਸਨ
ਤੇ ਸੱਧਰਾਂ ਵੀ
ਪਿਤਾ ਜੀ ਨੇ ਠੰਡ-ਠੰਢੋਰਾ ਹੁੰਦੇ ਹੀ
ਸਾਨੂੰ ਸਕੂਲੇ ਦਾਖਲ ਕਰਵਾ ਦਿੱਤਾ
ਅਸਾਂ ਸੋਚਿਆ,
ਮਸਾਂ ਮਸਾਂ ਜਾਨ ਛੁੱਟੀ ਸੀ
ਇਹਨਾਂ ਪੋਥੀਆਂ ਤੋਂ
ਮਾਸਟਰਾਂ ਦੇ ਡੰਡਿਆਂ ਤੋਂ
ਤੇ ਰੱਤ-ਪੀਣੇ ਇਮਤਿਹਾਨਾਂ ਤੋਂ
ਪਰ ਪਿਤਾ ਜੀ ਨੇ
ਫਿਰ ਉਹੀ ਗਲ ਫਾਹਾ ਪਾ ਦਿੱਤਾ ਸੀ।
ਹਰ ਮਹੀਨੇ ਜਦੋਂ
ਫੀਸ ਵਾਲੀ ਦਸ ਤਾਰੀਖ ਆਉਂਦੀ
ਤਾਂ ਪਿਤਾ ਜੀ ਆਖਦੇ,
"ਬੇਟਾ, ਦਿਹਾੜੀ ਪਹਿਲਾਂ
ਦੱਸਿਆ ਕਰੋ
ਕਿਤਿਉਂ ਚਾਰ ਛਿੱਲੜ
ਹੱਥ-ਹੁਧਾਰ ਹੀ ਲਿਆਉਣੇ ਹੁੰਦੇ ਹਨ।
ਫੜ-ਫੜਾ ਕੇ
ਕਿਸੇ ਕੋਲੋਂ।

### XII.

ਕੇਹਾ ਬਿਖੜਾ ਸਫ਼ਰ ਸੀ ਇਹ
ਅੱਖਰਾਂ ਦੀ ਪਛਾਣ ਦਾ
ਅਰਥਾਂ ਦੀ ਤਲਾਸ਼ ਦਾ
ਕਿ ਜਿਸ ਦਾ ਆਖ਼ਰੀ ਸਿਰਾ
ਨਹੀਂ ਸੀ ਲੱਭਦਾ ਕੋਈ।
ਅੱਖਰਾਂ ਤੋਂ ਮਨੋ-ਭਾਵਾਂ ਤੀਕ ਦਾ ਪੰਧ
ਇਸ ਤੋਂ ਵੀ ਔਖੇਰਾ ਸੀ।
ਸ਼ਾਇਦ ਇਸ ਮੋੜ ਤੇ ਪਹੁੰਚ ਕੇ ਹੀ
ਸ਼ਬਦਾਂ ਦੇ ਅਰਥ ਤੇ ਰੰਗ
ਸਮਝ ਆਉਣ ਲੱਗਦੇ ਨੇ।
ਖ਼ਬਰੇ ਏਥੇ ਅੱਪੜ ਕੇ ਹੀ
ਪਤਾ ਲੱਗਦਾ ਹੈ
ਕਿ ਜ਼ਿੰਦਗੀ ਕਿਸ ਭਾਅ ਵਿਕਦੀ ਹੈ?
ਤੇ ਘਰੋਂ ਪੁੱਟੇ ਜਾਣ ਤੋਂ ਬਾਅਦ
ਦੁਬਾਰਾ ਪੈਰ ਕਿਵੇਂ ਲਾਉਣੇ ਹੁੰਦੇ ਹਨ।
ਲਾਲ-ਲਕੀਰ ਦੇ ਆਰ-ਪਾਰ
ਖਲੋ ਕੇ ਹੀ ਪਤਾ ਲੱਗਦਾ ਹੈ
ਕਿ ਜੰਮਣ-ਭੋਂ ਤੋਂ ਵਿਛੁੰਨੇ ਜਾਣ ਦਾ
ਕੀ ਹੁੰਦਾ ਹੈ ਸੰਤਾਪ?
ਤੇ ਸਾਵੇਂ ਖਲੋਤੇ
ਧੁਆਂਖੇ ਭਵਿੱਖ ਦਾ ਤੌਖਲਾ ਕੀ ਹੁੰਦਾ ਹੈ।
ਸ਼ਾਇਦ ਏਥੇ ਪਹੁੰਚ ਕੇ ਹੀ
ਬੰਦੇ ਦਾ ਤੀਜਾ ਨੇਤਰ ਖੁੱਲ੍ਹਦਾ ਹੈ। •

ਫੋਨ 99150-42242,
01822-273188

# ਫਿਰ ਯਾਦ ਆਏ 'ਬਾਬੇ'

- ਮੰਗਤ ਰਾਮ ਪਾਸਲਾ

ਫਿਰ ਯਾਦ ਆਏ 'ਬਾਬੇ'
ਜ਼ੁਲਮਾਂ ਸੰਗ ਭਿੜਦਿਆਂ ਫਿਜ਼ਾ 'ਚ
ਘੁਲ ਗਏ ਸਨ ਕਦੇ।
ਭਾਵੇਂ ਸੰਗਲਾਂ ਨੇ ਸੂਤ ਲਏ ਸਨ
ਉਨ੍ਹਾਂ ਦੇ ਸਰੀਰ, ਬੰਦ ਪਿੰਜਰਿਆਂ ਨੇ
ਛੇ ਫੁੱਟੇ ਬਦਨ ਕਰ ਦਿੱਤੇ ਸਨ ਪੰਜ ਫੁੱਟੇ।
ਪਰ ਇਸ ਨਾਲ ਉਨ੍ਹਾਂ ਦਾ
'ਕੱਦ' ਨਹੀਂ ਸੀ ਘਟਿਆ......।
ਸੌ ਸਾਲਾਂ ਬਾਅਦ
ਯਾਦ ਆਏ ਕੁਝ ਇਸ ਤਰ੍ਹਾਂ
ਜਿਵੇਂ ਪ੍ਰੇਤ ਤੋਂ ਡਰਦਿਆਂ
ਮਾਂ ਯਾਦ ਆਉਂਦੀ ਏ, ਬੱਚੇ ਨੂੰ।
ਜਾਂ ਮਹਿਬੂਬਾ ਦੀ ਯਾਦ
ਗੁਲਾਬ ਦੀ ਪੰਖੜੀ ਕਿਤਾਬਾਂ 'ਚ ਦੇਖਕੇ।
ਮਨ ਉਦਾਸ ਖਿੜ ਉਠਿਆ,
ਤਪਦੀ ਧਰਤ 'ਤੇ
ਜਿਉਂ ਕਣੀ ਠੰਡ ਪਾਉਂਦੀ ਏ।
ਤਪਸ਼ ਤੋਂ ਨਿਜ਼ਾਤ ਦਿਲਾਉਂਦੀ ਏ।
ਕੁਝ ਨਵਾਂ ਕਰਨ ਨੂੰ ਚਿੱਤ ਕਰਦਾ,
ਤੁਸਾਂ ਨੂੰ ਯਾਦ ਕਰਕੇ।
ਯਾਦ ਉਨ੍ਹਾਂ ਨੂੰ ਵੀ ਆਏ ਹੋ ਤੁਸੀਂ।
ਜਿਹੜੇ ਤੁਹਾਡੀ ਅਰਥੀ ਪਿੱਛੇ
ਉਮੜੇ ਜਨਾਜ਼ੇ 'ਚੋਂ
ਮਲਕੜੇ ਜਿਹੇ ਖਿਸਕ ਗਏ ਸਨ।
ਬਲਦੇ ਸਿਵੇ ਦੇ ਜਲੌਅ ਨੂੰ
ਸ਼ਾਇਦ ਸਹਾਰ ਨਹੀਂ ਸਨ ਸਕਦੇ ਉਹ।
ਹੁਣ ਤਾਂ ਉਨ੍ਹਾਂ ਨੇ
ਅੰਡੇਮਾਨ ਦੀਆਂ ਇੱਟਾਂ ਵੀ
ਖਾ ਲਈਆਂ ਨੇ।
ਤੁਹਾਡੀ ਪਿੱਠ ਉਪਰ, ਪਈਆਂ ਬੈਤਾਂ ਵਿਚ
ਤਰੰਗਾਂ ਟੰਗ ਕੇ
ਆਜ਼ਾਦੀ ਜਸ਼ਨ ਮਨਾਇਆ ਉਨ੍ਹਾਂ ਨੇ
ਜਲ੍ਹਿਆਂਵਾਲੇ ਬਾਗ ਦੀਆਂ ਕੰਧਾਂ 'ਤੇ
ਗੋਲੀਆਂ ਦੇ ਨਿਸ਼ਾਨ ਦੇਖ ਕੇ
ਬੜਾ ਹੱਸੇ ਨੇ ਲਾਸ਼ਾਂ ਦੇ ਇਹ ਕਦਰਦਾਨ।
ਵੇਲਾ ਵਿਹਾ ਚੁੱਕਾ ਸਮਝਦੇ ਨੇ
ਬਾਗ ਦੇ ਇਤਿਹਾਸ ਨੂੰ।
'ਸ਼ਹੀਦੀ ਖੂਹ' ਕੋਲ ਕੈਫੇ ਚੰਗਾ ਲੱਗਦਾ ਹੈ
ਇਨ੍ਹਾਂ ਨੂੰ।
ਸਰਾਭੇ ਦੇ ਯਾਰ ਨੂੰ, ਇਨ੍ਹਾਂ 'ਔਤਰਿਆਂ'
ਘਰੋਂ ਬੇਦਖਲ ਕਰਨ ਦੀ
ਹਮਾਕਤ ਕੀਤੀ ਹੈ।
ਯਾਦ ਉਨ੍ਹਾਂ ਵੀ ਕੀਤਾ ਹੈ ਤੁਸਾਂ ਨੂੰ,
ਜੋ ਮਰਨ ਤੋਂ ਪਹਿਲਾਂ
ਕੰਡ ਦੇ ਕੇ ਭੱਜ ਗਏ ਮੈਦਾਨ 'ਚੋਂ
ਅਸੀਂ ਜੋ ਤੁਸਾਂ ਨਾਲ
ਵਾਅਦਾ ਕਰਕੇ ਤੁਰੇ ਹਾਂ,
ਤੁਹਾਡੀਆਂ ਯਾਦਾਂ ਦੇ ਨਿਸ਼ਾਨ ਇਕੱਠੇ
ਕਰਕੇ
ਲੋਕਾਂ ਦੇ ਮੱਥਿਆਂ ਉਪਰ ਚਿਪਕਾ ਰਹੇ ਹਾਂ।
ਤਾਂ ਜੋ ਪਹਿਚਾਣੇ ਜਾਣ
ਨਵਿਆਂ ਰਾਹਾਂ 'ਤੇ ਤੁਰਦਿਆਂ।
ਮੁਆਫ਼ ਕਰਨਾ,
ਤੁਸਾਂ ਕੋਲੋਂ ਜੋ ਰਹਿ ਗਿਆ ਕਰਨਾ,
ਉਸਨੂੰ ਕਰਨ ਦਾ ਹੀਲਾ ਜੁਟਾ ਰਹੇ ਹਾਂ।
ਸੋਚ ਰਹੇ ਹਾਂ, ਤੁਰ ਰਹੇ ਹਾਂ, ਡਿੱਗ ਰਹੇ ਹਾਂ
ਡਿੱਗਕੇ ਉੱਠ ਰਹੇ ਹਾਂ।
ਇਹ ਤੁਸਾਂ ਹੀ ਦੱਸਿਆ ਸੀ
ਤੁਹਾਡੇ ਪੈਗਾਮ ਨੂੰ ਅੱਗੇ ਖੜਨ ਦਾ,
ਹਲਕਾ ਜਿਹਾ ਯਤਨ ਹੈ।
ਤੇ ਮੰਜ਼ਿਲ ਵੱਲ ਅੱਗੇ ਵਧਣ ਦਾ
ਨਿਮਾਣਾ ਜਿਹਾ ਕਦਮ।
ਕਮਾਨ ਵਾਂਗਰ ਮੁੜੇ ਜਿਸਮ ਨੂੰ,
ਅਮਲਾਂ ਦੀ ਢੋਅ ਦੇ ਕੇ
ਸਿਧਿਆਂ ਕਰਨ ਦਾ
ਉਪਰਾਲਾ ਹੀ ਤਾਂ ਹੈ ਸਾਡਾ
ਪੂਰੀ ਸਦੀ ਬਾਅਦ,
ਫਿਰ ਯਾਦ ਆਏ ਹੋ ਤੁਸੀਂ। •



ਨਿਬੰਧ :

# ਬਜ਼ਾਰੀ ਚੀਜ਼ਾਂ ਅਤੇ ਖੁਸ਼ੀ

- ਗੁਰਦੀਪ ਡੇਅਰਾਦੂਨ

ਖੁਸ਼ੀ ਦੀ ਭਾਲ ਇਨਸਾਨ ਨੂੰ ਹਰ ਦੌਰ ਵਿਚ ਰਹੀ ਹੈ ਅਤੇ ਆਮ ਤੌਰ 'ਤੇ ਇਸਨੂੰ ਅਮੀਰੀ ਨਾਲ ਗੱਡਮੱਡ ਕਰ ਲਿਆ ਜਾਂਦਾ ਹੈ। ਇੱਥੋਂ ਤੱਕ ਕਿ ਅਸੀਂ ਅਮੀਰ ਆਦਮੀ ਨੂੰ ਖੁਸ਼ਹਾਲ ਆਦਮੀ ਕਹਿੰਦੇ ਹਾਂ। ਇਸ ਅਮੀਰੀ ਦੀ ਭਾਲ ਵਾਲਿਆਂ ਦੀ ਅੱਜ ਦੀ ਵੱਸੋਂ ਵਿਚ ਬਹੁਗਿਣਤੀ ਹੈ। ਜੋ ਪਹਿਲਾਂ ਕਦੇ ਨਹੀਂ ਹੋਈ। ਗੱਲ ਅੱਗੇ ਤੋਰਨ ਤੋਂ ਪਹਿਲਾਂ ਮੈਂ ਸ਼ੁਹਰਤ, ਤਾਕਤ, ਇੱਜ਼ਤ ਅਤੇ ਅਮਰਤਾ ਦੀ ਭਾਲ ਨੂੰ ਪਾਸੇ ਰੱਖ ਦੇਣਾ ਚਾਹੁੰਦਾ ਹਾਂ ਕਿਉਂਕਿ ਇਹ ਗਿਣਤੀ ਦੇ ਕੁਝ ਕੁ ਆਦਮੀਆਂ ਦਾ ਮਾਮਲਾ ਹੀ ਹੈ। ਸਧਾਰਣ ਨਜ਼ਰ ਨਾਲ ਦੇਖੀਏ ਤਾਂ ਅਮੀਰੀ ਸੁੱਖ ਆਰਾਮ ਦੀਆਂ ਚੀਜ਼ਾਂ ਵਸਤਾਂ ਦੀ ਮਾਲਕੀ ਹੈ ਅਤੇ ਦੇਖਣਾ ਇਹ ਹੈ ਕਿ ਖੁਸ਼ੀ ਕਿੰਨੀ ਕੁ ਇਸਦੀ ਪਕੜ ਵਿਚ ਹੈ।

ਜੇ ਅਸੀਂ ਮੰਨ ਲਈਏ ਕਿ ਸੁੱਖ ਸਹੂਲਤਾਂ ਦੀਆਂ ਚੀਜ਼ਾਂ ਹੀ ਖੁਸ਼ੀ ਦੀ ਬੁਨਿਆਦ ਹਨ ਫਿਰ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਸਾਡੇ ਤੋਂ ਪਹਿਲੇ ਦੇ ਲੋਕ ਸਾਡੇ ਤੋਂ ਘੱਟ ਖੁਸ਼ ਸੀ ਅਤੇ ਉਨ੍ਹਾਂ ਦੀ ਜ਼ਿੰਦਗੀ ਸਾਡੇ ਨਾਲੋਂ ਘੱਟ ਪਿਆਰੀ ਸੀ। ਜਦੋਂ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਲਈ ਘਾਲਣਾ ਵੱਲ ਵੇਖਦੇ ਹਾਂ ਤੇ ਸਾਬਤ ਹੁੰਦਾ ਹੈ ਕਿ ਜ਼ਿੰਦਗੀ ਉਨ੍ਹਾਂ ਨੂੰ ਸਹੂਲਤਾਂ ਵਿਚ ਜੀਣ ਵਾਲਿਆਂ ਨਾਲੋਂ ਵੱਧ ਪਿਆਰੀ ਸੀ। ਕਿੰਨੇ ਲੋਕ ਇਸ ਲਈ ਫਾਂਸੀ ਦੀ ਛਾਂ ਵਿਚ ਜੀਏ, ਕਿੰਨਿਆਂ ਨੇ ਇਸ ਲਈ ਸਲੀਬ ਤੋਂ ਪਿਆਰ ਦਾ ਪੈਗ਼ਾਮ ਭੇਜਿਆ। ਅਜੇ ਕੱਲ੍ਹ ਦੀ ਗੱਲ ਹੈ ਕਿ ਅਮਰੀਕਾ ਦੇ ਰੋਜ਼ਨਬਰਗ ਜੋੜੇ ਨੇ ਜਾਨ ਦੇ ਕੇ ਜ਼ਿੰਦਗੀ ਨਾਲ ਵਫ਼ਾ ਨਿਭਾਈ।

ਖੁਸ਼ੀ ਦਰਅਸਲ ਜ਼ਿੰਦਗੀ ਦਾ ਪਿਆਰ ਹੈ ਅਤੇ ਇਸ ਦੇ ਦਿਲੀ ਨੇੜ ਵਿਚ ਵੱਸਦੀ ਹੈ। ਸੁੱਖ ਸਾਧਨ ਸਾਨੂੰ ਜ਼ਿੰਦਗੀ ਦੀਆਂ ਮਿਹਰਾਂ ਦਾ ਚੇਤਾ ਤਾਂ ਕਰਾਉਂਦੇ ਹਨ ਪਰ ਚੀਜ਼ਾਂ ਦੀ ਮਾਲਕੀ ਸਾਨੂੰ ਉਸ ਵਿਸ਼ਾਲ ਪਸਾਰੇ ਵਿਚ ਘੁਲਣ ਮਿਲਣ ਨਹੀਂ ਦਿੰਦੀ, ਜਿਸਦਾ ਹਿੱਸਾ ਹੋਣ ਦੀ ਚੇਤਨਾ ਜ਼ਿੰਦਗੀ ਹੈ। ਅਸੀਂ ਉਸ ਨਾਲੋਂ ਟੁੱਟ ਜਾਂਦੇ ਹਾਂ ਅਤੇ ਆਪਣੀ ਰੂਹ ਗਵਾ ਬੈਠਦੇ ਹਾਂ। ਅਜਿਹੇ ਵੇਲੇ ਕਲਾ ਅੱਗੇ ਆਉਂਦੀ ਹੈ। ਇਸ ਪਸਾਰੇ (ਸੱਤਿਅਮ) ਦੀ ਸੁੱਖ ਮਨਾਉਂਦੀ ਹੈ, ਇਸਦੇ ਸਦਕੇ ਜਾਂਦੀ ਹੈ ਅਤੇ ਕਵਿਤਾ ਇਨ੍ਹਾਂ ਭਾਵਨਾਵਾਂ ਨੂੰ ਜ਼ੁਬਾਨ ਦਿੰਦੀ ਹੈ। ਉਹ ਇਸ ਪਸਾਰੇ ਦੇ ਹੁਸਨ ਦੇ ਗੀਤ ਗਾਉਂਦੀ ਹੈ ਅਤੇ ਸ਼ਿਵਮ (ਨੇਕ ਘਾਲਣਾਵਾਂ) ਬਣ ਉਤਰਦੀ ਹੈ। ਇਸ ਤਰ੍ਹਾਂ ਕਵਿਤਾ ਦਿਲਾਂ ਦੀਆਂ ਖੁਸ਼ੀਆਂ ਦਾ ਪੈਗ਼ਾਮ ਬਣਦੀ ਹੈ ਅਤੇ ਜੋ ਕੰਮ ਚੀਜ਼ਾਂ ਨਹੀਂ ਕਰ ਸਕੀਦੀਆਂ, ਕਰ ਵਿਖਾਉਂਦੀ ਹੈ।

ਹੋ ਸਕਦਾ ਹੈ ਕਿ ਕਿਸੇ ਸਖ਼ੀ ਨੂੰ ਚੀਜ਼ਾਂ ਵੰਡ ਕੇ ਖੁਸ਼ੀ ਮਿਲਦੀ ਹੋਵੇ ਪਰ ਇਹ ਖੁਸ਼ੀ

ਉਨ੍ਹਾਂ ਚੀਜ਼ਾਂ ਦੀ ਵਰਤੋਂ ਨਾਲ ਮਿਲਦੇ ਸੁੱਖ ਆਰਾਮ ਤੋਂ ਵੱਖਰੀ ਨਹੀਂ ਹੋ ਸਕਦੀ। ਵੱਧ ਤੋਂ ਵੱਧ ਸਖੀ ਹੋਣ ਦਾ ਸੁਖਾਵਾਂ ਅਹਿਸਾਸ ਇਸ ਵਿਚ ਰਲਾਇਆ ਜਾ ਸਕਦਾ ਹੈ। ਚੀਜ਼ਾਂ ਦੀ ਬਦਲੀ ਮਾਲਕੀ ਜ਼ਿੰਦਗੀ ਦਾ ਹਿਸਾ ਬਣਨ ਤੋਂ ਨਵੇਂ ਮਾਲਕਾਂ ਨੂੰ ਵੀ ਉਵੇਂ ਹੀ ਰੋਕੇਗੀ ਜਿਵੇਂ ਪਹਿਲੇ ਮਾਲਕ ਨੂੰ ਰੋਕਦੀ ਸੀ। ਚੀਜ਼ਾਂ ਵਾਲੇ ਸਖੀ ਨਾਲੋਂ ਜਜ਼ਬਿਆਂ ਵਾਲਾ ਸਖ਼ੀ ਬਿਹਤਰ ਹੈ, ਉਹ ਸਾਨੂੰ ਕਿਸੇ ਮਾਲਕੀ ਦਾ ਨਹੀਂ, ਪਿਆਰ ਦਾ ਅਹਿਸਾਸ ਦਿੰਦਾ ਹੈ।

ਜੇ ਜ਼ਿੰਦਗੀ ਦਾ ਮਕਸਦ ਖ਼ੁਸ਼ੀਆਂ ਦੀ ਭਾਲ ਹੈ ਤਾਂ ਖ਼ੁਸ਼ੀ ਵੰਡਣ ਵਾਲੇ ਲੋਕ ਜ਼ਿੰਦਗੀ ਦੇ ਆਗਿਆਕਾਰ ਬੱਚੇ ਹਨ, ਕਵੀ ਦਾ ਨਾਂ ਇਨ੍ਹਾਂ ਵਿਚ ਉੱਭਰਵਾਂ ਹੈ। ਉਹ ਜ਼ਿੰਦਗੀ ਨੂੰ ਪਿਆਰ ਕਰਦਾ ਹੈ, ਜ਼ਿੰਦਗੀ ਦੀ ਅਹਿਮੀਅਤ, ਜ਼ਿੰਦਗੀ ਦੀ ਚੇਤਨਾ ਉਸਨੂੰ ਖ਼ੁਸ਼ੀ ਦਿੰਦੀ ਹੈ। ਉਹ ਇਸਦਾ ਇਜ਼ਹਾਰ ਕਰਦਾ ਹੈ, ਪਰਸਾਰ ਕਰਦਾ ਹੈ।

ਬਾਹਲੇ ਲੋਕ ਜ਼ਿੰਦਗੀ ਦੀ ਗੱਲ ਨੂੰ ਲੋੜਾਂ ਜ਼ਰੂਰਤਾਂ ਤੋਂ ਅੱਡ ਕਰਕੇ ਦੇਖਦੇ ਹਨ। ਉਨ੍ਹਾਂ ਦਾ ਕਹਿਣਾ ਹੈ ਪਹਿਲੋਂ ਲੋੜਾਂ ਪੂਰੀਆਂ ਕਰ ਲਈਏ, ਫਿਰ ਇਤਮਿਨਾਨ ਨਾਲ ਜ਼ਿੰਦਗੀ ਦੀ ਗੱਲ ਕਰਾਂਗੇ। ਇਕ ਵਕਤ ਸੀ ਹਰ ਚੰਗਾ ਫਿਲਮਸਾਜ਼ ਇਹ ਕਹਿੰਦਾ ਸੀ ਕਿ ਪਹਿਲੋਂ ਕੋਈ ਹਿੱਟ ਫਿਲਮ ਬਣਾ ਲਵਾਂ, ਫਿਰ ਮੈਂ ਮਨਭਾਉਂਦੀ ਜ਼ਿੰਦਗੀ ਦੇ ਪਿਆਰ ਦੀ ਫ਼ਿਲਮ ਬਣਾਵਾਂਗਾ। ਲੋੜਾਂ ਜ਼ਰੂਰਤਾਂ ਨੂੰ ਜ਼ਿੰਦਗੀ ਤੋਂ ਅੱਡ ਨਹੀਂ ਕੀਤਾ ਜਾ ਸਕਦਾ। ਉਹ ਜੀਣ ਦਾ ਸਾਧਨ ਹਨ, ਮਕਸਦ ਭਾਵੇਂ ਨਹੀਂ। ਉਂਝ ਮਕਸਦ ਵੀ ਜਿੰਦਗੀ ਤੋਂ ਬਾਹਰ ਕਿਤੇ ਨਹੀਂ ਪਿਆ। ਚੀਜ਼ਾਂ ਗੁਜ਼ਰਦੇ ਵਕਤ ਨੂੰ ਸੁਖਾਵਾਂ ਵੀ ਬਣਾਉਂਦੀਆਂ ਹਨ ਪਰ ਚੀਜ਼ਾਂ ਦਾ ਖ਼ਬਤ ਇਸ ਸਮੇਂ ਨੂੰ ਭੱਜ ਦੌੜ ਵਿਚ ਬਦਲ ਕੇ ਖੋਹ ਵੀ ਲੈਂਦਾ ਹੈ।

ਸਾਡੀ ਹੋਂਦ ਅਤੇ ਇਸਦਾ ਮਾਹੌਲ ਬਣਾਉਣ ਵਾਲੀਆਂ ਚੀਜ਼ਾਂ ਵਸਤਾਂ ਵਕਤੀ ਹਨ, ਖ਼ੁਸ਼ੀ ਤ੍ਰੈਕਾਲਕ ਹੈ। ਸਿਕੰਦਰ ਸਾਹਮਣੇ ਪੋਰਸ ਦੀ ਜੁਰਅਤ ਅੱਜ ਵੀ ਸਾਡਾ ਸਿਰ ਉੱਚਾ ਕਰਦੀ ਹੈ, ਸਾਨੂੰ ਖ਼ੁਸ਼ੀ ਦਿੰਦੀ ਹੈ। ਦੇਸ਼ ਦੀ ਆਜ਼ਾਦੀ ਲਈ ਜਾਨ ਦੇਣ ਵਾਲੇ ਸ਼ਹੀਦਾਂ ਦਾ ਜ਼ਿਕਰ ਅੱਜ ਵੀ ਸਾਡਾ ਖ਼ੂਨ ਗਰਮਾਉਂਦਾ ਹੈ। ਪ੍ਰਦੂਸ਼ਣ ਦਾ ਰੋਗ, ਐਟਮੀ ਹਥਿਆਰਾਂ ਤੋਂ ਤਬਾਹੀ ਦਾ ਖ਼ਤਰਾ ਸਾਡੀ ਫ਼ਿਕਰਮੰਦੀ ਬਣਿਆ ਹੋਇਆ ਹੈ ਅਤੇ ਐਟਮ 'ਤੇ ਗਰੀਬੀ ਰਹਿਤ ਸਾਫ਼ ਸੁਥਰੀ ਦੁਨੀਆਂ ਦਾ ਸੁਪਨਾ ਸਾਨੂੰ ਅੱਜ ਵੀ ਖ਼ੁਸ਼ੀ ਦਿੰਦਾ ਹੈ। ਖ਼ੁਸ਼ੀ ਦੇ ਤ੍ਰੈਕਾਲਕ ਤਸੱਵਰ ਤੋਂ ਬਗੈਰ ਖ਼ੁਸ਼ੀ ਦਾ ਤਸੱਵਰ ਵੀ ਮੁਕੰਮਲ ਨਹੀਂ ਹੁੰਦਾ ਅਤੇ ਜਿਸ ਸ਼ਖ਼ਸੀਅਤ ਕੋਲ ਇਹ ਤਸੱਵਰ ਨਹੀਂ, ਉਹ ਸ਼ਖ਼ਸੀਅਤ ਊਣੀ ਹੈ, ਉਸ ਕੋਲ ਅਮੀਰੀ ਨਹੀਂ।

ਇਹ ਸੱਚ ਹੈ ਕਿ ਅੱਜ ਦੀ ਖਪਤਕਾਰ ਦੁਨੀਆਂ ਆਪਣੇ ਆਪ ਵਿਚ ਮੁਕੰਮਲ ਹੈ। ਆਪਣੇ ਹਾਲ ਵਿਚ ਮਸਤ ਹੈ। ਪਰ ਉਹ ਆਪਣੀ ਖ਼ੁਸ਼ੀ ਨੂੰ ਢਿੱਡ ਵਿਚ ਹੀ ਪਾ ਲੈਂਦੀ ਹੈ, ਤਨ 'ਤੇ ਹੰਢਾ ਲੈਂਦੀ ਹੈ ਅਤੇ ਕੁਝ ਅੰਗਾਂ ਵਿਚ ਰਚਾ ਲੈਂਦੀ ਹੈ। ਉਸ ਕੋਲ ਕਿਸੇ ਨੂੰ ਦੇਣ ਲਈ ਇਸ ਤਰ੍ਹਾਂ ਦੀ ਖ਼ੁਸ਼ੀ ਨਹੀਂ ਹੁੰਦੀ ਜੋ ਅੱਗੇ ਤੋਂ ਅੱਗੇ ਤੋਰੀ ਜਾ ਸਕੇ। ਇਸ ਮਾਹੌਲ ਦੀ



ਵੱਡੀ ਕਦਰ ਗਲੈਮਰ ਹੈ। ਫ਼ਿਕਰਮੰਦੀਆਂ, ਹੌਕੇ, ਹੰਝੂ ਉਨ੍ਹਾਂ ਲਈ ਨਕਾਰਾਤਮਕ ਹੋਂਦ ਰੱਖਦੇ ਹਨ। ਹੰਝੂਆਂ ਦੇ ਸੁਹਜਾਤਮਕ ਪੱਖ ਤੋਂ ਇਹ ਦੁਨੀਆਂ ਵਾਕਿਫ਼ ਨਹੀਂ। ਸਾੜੇ ਅਤੇ ਈਰਖਾ ਦੇ ਹੰਝੂ ਬੁਰੇ ਹੋ ਸਕਦੇ ਹਨ ਪਰ ਉਹ ਹੰਝੂ ਜੋ ਹਮਦਰਦੀਆਂ ਨਾਪਣ ਲਈ ਵਹਾਏ ਜਾਂਦੇ ਹਨ -

ਤੇਰੇ ਸਾਹਮਣੇ ਬੈਠ ਕੇ ਰੋਣਾ
'ਤੇ ਦੁੱਖ ਤੈਨੂੰ ਨਹੀਂ ਦੱਸਣਾ

ਜਾਂ ਕਿਸੇ ਚਾਹਤ ਦਾ ਐਲਾਨ ਕਰਦੇ ਹੰਝੂ
ਇਨਹੇਂ ਆਂਸੂ ਸਮਝ ਕਰ ਯੂੰ ਨਾ ਮਿੱਟੀ ਮੇਂ ਮਿਲਾ ਜ਼ਾਲਮ
ਪੈਗ਼ਾਮੇ ਦਰਦੇ ਦਿਲ ਹੈ ਔਰ ਆਂਖੋਂ ਕੀ ਜ਼ੁਬਾਨੀ ਹੈ। (ਜਿਗਰ ਮੁਰਾਦਾਬਾਦੀ)

ਗੱਲ ਦਰਦ ਤੱਕ ਪਹੁੰਚ ਗਈ। ਹੁਣ ਇਸ ਤੋਂ ਪਾਸਾ ਵੱਟ ਕੇ ਅੱਗੇ ਨਹੀਂ ਜਾ ਹੋਣਾ।। ਦਰਦ ਵਿਚ ਆਰਜ਼ੂਮੰਦੀ ਵੀ ਹੈ ਭਾਵ ਜ਼ਿੰਦਗੀ ਕੋਲ ਕੀ ਕੁਝ ਹੋਣਾ ਚਾਹੀਦਾ ਹੈ ਅਤੇ ਦਰਦਮੰਦੀ ਵੀ ਹੈ ਕਿ ਜ਼ਿੰਦਗੀ ਕੀ-ਕੀ ਵਿਗੋਚੇ ਸਾਂਭੀ ਫਿਰਦੀ ਹੈ। ਸ਼ਾਇਰੀ ਪਿੱਛੇ ਦਰਦ ਦਾ ਚੰਦ ਹਮੇਸ਼ਾ ਰੂਹਨੁਮਾ ਰਿਹਾ ਹੈ -

ਬਜ਼ਮੇ ਖ਼ਿਆਲ ਮੇਂ ਤੇਰੇ ਹੁਸਨ ਕੀ ਸ਼ਮ੍ਹਾਂ ਜਲ ਗਈ
ਦਰਦ ਕਾ ਚਾਂਦ ਬੁਝ ਗਿਆ,ਹਿਜਰ ਕੀ ਰਾਤ ਢਲ ਗਈ। (ਫ਼ੈਜ਼ ਅਹਿਮਦ ਫ਼ੈਜ਼)

ਮੇਰੇ ਜ਼ਖ਼ਮਾਂ ਨੇ ਮੈਨੂੰ ਵੱਖਰੀ ਪਹਿਚਾਣ ਬਖਸ਼ੀ ਹੈ,
ਦਿਲ ਦੇ ਦਰਦ ਨੇ ਬਖਸ਼ੀ ਹੈ ਲੰਬੀ ਜ਼ਿੰਦਗੀ ਮੈਨੂੰ।

ਪਰ ਇਹ ਦਰਦ ਖਪਤਕਾਰੀ ਦੁਨੀਆਂ ਦੇ ਅਸਾਸੇ ਵਿਚ ਸ਼ਾਮਿਲ ਨਹੀਂ। ਇਹ ਦਰਦ ਇਨਸ਼ਾਨੀ ਸ਼ਖ਼ਸੀਅਤ ਨੂੰ ਗਹਿਰਾਈ ਬਖਸ਼ਦਾ ਹੈ। ਖਪਤਕਾਰੀ ਸੱਭਿਅਤਾ ਇਨਸਾਨ ਦੇ ਥਾਂ ਇਸ ਤਰ੍ਹਾਂ ਦੇ ਸਰੀਰ ਪੈਦਾ ਕਰਨ ਵੱਲ ਵੱਧ ਰਹੀ ਹੈ, ਜਿਨ੍ਹਾਂ ਕੋਲ ਉੱਚੇ ਪੱਧਰ ਦੀ ਇੰਦਰਿਆਵੀ ਪਸੰਦ ਹੋਵੇਗੀ, ਸੁਹਜ ਸਵਾਦ ਨਹੀਂ।

ਇਸ ਤੋਂ ਪਹਿਲਾਂ ਕਿ ਪਾਣੀ ਸਿਰ ਉੱਤੋਂ ਦੀ ਲੰਘ ਜਾਵੇ ਨੌਜਵਾਨ ਪੀੜ੍ਹੀ ਨੂੰ ਇਸ ਖ਼ਤਰਨਾਕ ਹੋਣੀ ਤੋਂ ਬਚਾਉਣ ਦੇ ਉਪਰਾਲੇ ਹੋਣੇ ਚਾਹੀਦੇ ਹਨ। ਇਸ ਵੇਲੇ ਨਵੀਂ ਪੀੜ੍ਹੀ ਦੀਆਂ ਨਜ਼ਰਾਂ ਕੰਜ਼ਿਊਮਰ ਇਸ਼ਤਿਹਾਰਾਂ ਉੱਤੇ ਜੰਮੀਆਂ ਹੋਈਆਂ ਹਨ। ਸਾਨੂੰ ਚਾਹੀਦਾ ਹੈ ਕਿ ਇਸਦੇ ਨਾਲ-ਨਾਲ ਉਨ੍ਹਾਂ ਦੀਆਂ ਨਜ਼ਰਾਂ ਇਸ ਸੱਭਿਅਤਾ ਵਲੋਂ ਪੈਦਾ ਕੀਤੇ ਜਾ ਰਹੇ ਸਲੱਮਜ਼ ਉੱਤੇ ਵੀ ਕੇਂਦਰਤ ਕਰੀਏ। ਬੇਸ਼ੱਕ ਖਪਤਕਾਰੀ ਲਹਿਰ ਵੀ ਹਾਲੀਂ ਆਪਣੀ ਚੜ੍ਹਤ ਵਿਚ ਹੀ ਹੈ ਪਰ ਇਸਨੇ ਇਸ ਸਮੇਂ ਹੀ ਏਨੀ ਖੇਹ ਉਡਾਈ ਹੈ ਕਿ ਇਸ ਦੇ ਖਿਲਾਫ਼

ਗੱਲ ਦਾਦ ਨਾ ਵੀ ਪਾਵੇਗੀ ਪਰ ਸੁਣੀ ਜ਼ਰੂਰ ਜਾਵੇਗੀ।

ਸਵਾਲ ਉੱਠਦਾ ਹੈ ਕਿ ਉੱਠਦੀ ਪੀੜ੍ਹੀ ਦੀਆਂ ਖਪਤਕਾਰੀ ਪ੍ਰਵਿਰਤੀਆਂ ਨੂੰ ਰੋਕਿਆ ਜਾ ਸਕਦਾ ਹੈ? ਇਹ ਗੱਲ ਅੱਗੇ ਤੁਰਨ ਵਾਲੀ ਨਹੀਂ ਲੱਗਦੀ ਪਰ ਨੌਜਵਾਨਾਂ ਨੂੰ ਖਪਤਕਾਰੀ ਦੇ ਮਾਰੂ ਅਸਰਾਂ ਤੋਂ ਬਚਾਉਣ ਲਈ ਉਨ੍ਹਾਂ ਵਿਚ ਨਵੀਆਂ ਦਿਲਚਸਪੀਆਂ ਪੈਦਾ ਕਰਨ ਦੀ ਕੋਸ਼ਿਸ਼ ਕਰਨਾ ਵੀ ਜ਼ਰੂਰੀ ਹੈ। ਇਸ ਸਿਲਸਿਲੇ ਵਿਚ ਉਨ੍ਹਾਂ ਨੂੰ ਜ਼ਿੰਦਗੀ ਲਈ ਘਾਲਣਾ ਘਾਲਣ ਅਤੇ ਆਪਣੇ ਵਕਤ ਉੱਤੇ ਅਸਰ ਪਾਉਣ ਵਾਲੀਆਂ ਸ਼ਖ਼ਸੀਅਤਾਂ ਨਾਲ ਵਾਕਿਫ਼ ਕਰਾਉਣ ਦਾ ਪ੍ਰੋਗਰਾਮ ਬਣਾਉਣਾ ਚਾਹੀਦਾ ਹੈ। ਦੁਨੀਆਂ ਦੇ ਇਤਿਹਾਸ ਨੂੰ ਪੇਸ਼.ਆਏ ਨਾਜ਼ੁਕ ਅਤੇ ਫ਼ੈਸਲਾਕੁੰਨ ਵਕਤਾਂ ਨੂੰ ਉਨ੍ਹਾਂ ਦੇ ਦਿਲਾਂ ਵਿਚ ਲਾਹੁਣ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ। ਸਾਡੀ ਦੁਨੀਆਂ ਨੂੰ ਅਜੋਕੀ ਸ਼ਕਲ ਦੇਣ ਵਾਲੇ ਤੱਥ ਉਨ੍ਹਾਂ ਸਾਹਮਣੇ ਰੱਖੇ ਜਾਣੇ ਚਾਹੀਦੇ ਹਨ। ਸਮੇਂ ਦੇ ਮਸਲਿਆਂ ਲਈ ਉਨ੍ਹਾਂ ਵਿਚ ਦਿਲਚਸਪੀ ਪੈਦਾ ਕਰਨ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਵਿਸ਼ਵੀਕਰਨ ਕੀ ਹੈ, ਦਹਿਸ਼ਤ, ਦਹਿਸ਼ਤਵਾਦ ਕਿਵੇਂ ਬਣੀ? ਦਹਿਸ਼ਤਵਾਦ ਦੇ ਬੀਜ ਧਰਮ ਵਿਚ ਨੇ, ਸਿਆਸਤ ਵਿਚ ਨੇ ਕਿ ਬਿਜ਼ਨੈੱਸ ਵਿਚ? ਇਨ੍ਹਾਂ ਗੱਲਾਂ ਵਿਚ ਨਵੀਂ ਪੀੜ੍ਹੀ ਦੀ ਦਿਲਚਸਪੀ ਜਗਾਉਣੀ ਵੀ ਸਾਡਾ ਫਰਜ਼ ਹੈ। ਸਭ ਤੋਂ ਵੱਡੀ ਗੱਲ ਨਵੀਂ ਪੀੜ੍ਹੀ ਵਿਚ ਸੋਚ ਦਾ ਰੁਝਾਨ ਪੈਦਾ ਕਰਨਾ ਹੈ।

ਨੌਜਵਾਨਾਂ ਤੱਕ ਪਹੁੰਚਣ ਲਈ ਕਾਰੋਬਾਰ ਉੱਤੇ ਕਾਦਰ ਪੀੜ੍ਹੀ ਨੂੰ ਪਹਿਲੋਂ ਆਪ ਇਸ ਦੀ ਲੋੜ ਮਹਿਸੂਸ ਕਰਨੀ ਚਾਹੀਦੀ ਹੈ 'ਤੇ ਇਸ ਲਈ ਆਪਣੀ ਪੀੜ੍ਹੀ ਵਿਚ ਵੱਡੀ ਰਜ਼ਾਮੰਦੀ ਪੈਦਾ ਕਰਨੀ ਚਾਹੀਦੀ ਹੈ। ਇਸ ਤੋਂ ਬਾਅਦ ਲੋੜੀਂਦੇ ਸਾਧਨਾਂ 'ਤੇ ਢੰਗ ਤਰੀਕਿਆਂ ਬਾਰੇ ਸੋਚਣਾ ਚਾਹੀਦਾ ਹੈ। ਕੋਈ ਪੰਜ ਦਹਾਕਿਆਂ ਤੋਂ ਸਾਡੇ ਕੋਲ ਸਾਹਿਤ ਸਭਾਵਾਂ ਸਰਗਰਮ ਹਨ, ਪਰ ਸਾਹਿਤ ਵਿਚ ਸਾਡੀ ਦਿਲਚਸਪੀ ਘੱਟਦੀ ਗਈ ਹੈ। ਲੋੜ ਹੈ ਇਨ੍ਹਾਂ ਸਭਾਵਾਂ ਨੂੰ ਪਾਠਕ ਮੰਚ ਬਣਾਈਏ ਤੇ ਜ਼ਿੰਦਗੀ ਦੇ ਸੁਹਜ ਸਵਾਦ ਦੀ ਲਹਿਰ ਚਲਾਉਣ ਲਈ ਇਕ ਸਾਧਨ ਦੇ ਤੌਰ 'ਤੇ ਵਰਤੀਏ। ਸਾਡੇ ਸਾਹਿਤ ਵਿਚ ਜਾਂ ਹਿੰਦੀ, ਉਰਦੂ ਵਿਚ ਜੋ ਖ਼ੂਬਸੂਰਤੀਆਂ ਸਾਡੀ ਪਹੁੰਚ ਵਿਚ ਹਨ, ਉਨ੍ਹਾਂ ਦਾ ਪੱਤਾ-ਪੱਤਾ ਜੋੜ ਕੇ ਸੁਹਜ ਸਵਾਦ ਦਾ ਅੱਖਰ ਸਾਨੂੰ ਨੌਜਵਾਨ ਮਨਾਂ ਉੱਤੇ ਉੱਕਰਨਾ ਚਾਹੀਦਾ ਹੈ। •

**ਹਰਭਜਨ ਸਿੰਘ ਹੁੰਦਲ ਦੀਆਂ ਦੋ ਪੁਸਤਕਾਂ ਦੀਆਂ ਦੂਸਰੀਆਂ ਐਡੀਸ਼ਨਾਂ ਆਈਆਂ**

| | |
|---|---|
| ਮੋਤੀਆਂ ਵਰਗੇ ਅੱਖਰ | ਪਿਛਲਾ ਪਿੰਡ |
| ਸਫ਼ੇ - 262 | ਸਫ਼ੇ - 142 |
| ਮੁੱਲ - 475 ਰੁਪਏ | ਮੁੱਲ - 300 ਰੁਪਏ |

ਮਨਪ੍ਰੀਤ ਪ੍ਰਕਾਸ਼ਨ, ਦਿੱਲੀ, ਫੋਨ - 093122-71252



ਨਿਬੰਧ :

# ਜਗਿਆਸਾ ਬਨਾਮ ਸ਼ਿਵਨਾਥ

- ਡਾ. ਜਸਬੀਰ ਕੇਸਰ

'ਜਗਿਆਸਾ' ਸ਼ਿਵਨਾਥ ਦੀ ਛੇਵੀਂ ਕਾਵਿ-ਪੁਸਤਕ ਹੈ ਅਤੇ ਤਿੰਨ ਬਾਲ-ਰਚਨਾਵਾਂ ਸਮੇਤ ਇਹ ਪੁਸਤਕ ਉਸਦੀ ਪੰਦਰਵੀਂ ਰਚਨਾ ਹੈ। ਇਨ੍ਹਾਂ ਰਚਨਾਵਾਂ ਵਿਚ ਦੋ ਕਹਾਣੀ ਸੰਗ੍ਰਹਿ (ਇਸ ਪਾਰ, ਉਸ ਪਾਰ, ਇਕ ਗੀਤ ਦੀ ਮੌਤ), ਤਿੰਨ ਵਾਰਤਕ ਪੁਸਤਕਾਂ (ਅਣਫੋਲਿਆ ਵਰਕਾ, ਭੁੱਲੇ ਵਿਸਰੇ ਲੋਕ, ਸੁਜਾਨ ਸਿੰਘ ਨਾਲ ਦਸ ਵਰ੍ਹੇ), ਸ੍ਵੈ-ਜੀਵਨੀ (ਮੇਰਾ ਜੀਵਨ-ਦੋ ਭਾਗ), ਤਿੰਨ ਬਾਲ ਰਚਨਾਵਾਂ (ਰੁੱਖ ਤੇ ਮਨੁੱਖ, ਪੈਂਤੀ ਅੱਖਰੀ, ਬਾਲ ਵਿਆਕਰਨ) ਛੇ ਕਾਵਿ ਸੰਗ੍ਰਹਿ (ਬੋਝਲ ਹਵਾ, ਬਦਤਮੀਜ਼, ਅੰਤਮ ਲੜਾਈ, ਅਸੀਂ ਕਤਰੇ ਸਹੀ, ਮੈਂ ਦੀਵੇ ਕਿਸ ਤਰ੍ਹਾਂ ਬਾਲਾਂ ਅਤੇ ਜਗਿਆਸਾ) ਸ਼ਾਮਲ ਹਨ।

'ਜਗਿਆਸਾ' ਸ਼ਿਵਨਾਥ ਦੀ ਸੱਜਰੀ ਰਚਨਾ ਹੈ। ਪਰ ਜਗਿਆਸਾ ਧੁਰੋਂ ਹੀ ਉਸ ਦੀ ਸ਼ਖ਼ਸੀਅਤ ਦਾ ਇਕ ਅਨੋਖਾ ਖਾਸਾ ਰਹੀ ਹੈ। ਇਸੇ ਲਈ ਇਸ ਲੇਖ ਦਾ ਨਾਂ ਮੈਂ ਜਗਿਆਸਾ ਬਨਾਮ ਸ਼ਿਵਨਾਥ ਰੱਖਿਆ ਹੈ। ਪਿਛਲੇ 42 ਸਾਲਾਂ ਤੋਂ ਮੈਂ ਸ਼ਿਵਨਾਥ ਦੀ ਜ਼ਿੰਦਗੀ ਨਾਲ ਵਾਬਾਸਤਾ ਹਾਂ ਅਤੇ ਇਨ੍ਹਾਂ 42 ਸਾਲਾਂ ਵਿਚ ਮੈਂ ਮਹਿਸੂਸ ਕੀਤਾ ਹੈ ਕਿ ਜਗਿਆਸਾ ਦਾ ਜੋ ਤੁਰਦਾ ਫਿਰਦਾ, ਸਥੂਲ ਰੂਪ ਦੇਖਣਾ ਹੋਵੇ ਤਾਂ ਉਹ ਸ਼ਿਵਨਾਥ ਹੈ। ਸ਼ਿਵਨਾਥ ਬਾਰੇ ਸੁਣਿਆ ਤਾਂ ਮੈਂ ਪਹਿਲਾਂ ਵੀ ਹੋਇਆ ਸੀ ਪਰ ਉਸ ਨਾਲ ਮੇਰੀ ਮੁਲਾਕਾਤ 1972 ਦੀਆਂ ਗਰਮੀਆਂ ਵਿਚ ਹੋਈ। ਵਿਆਹ ਮਗਰੋਂ ਜਦੋਂ ਅਸੀਂ ਮਈ ਮਹੀਨੇ ਵਿਚ ਬੱਸੀ ਪਠਾਣਾ ਵਿਖੇ ਰਿਹਾਇਸ਼ ਕੀਤੀ, ਉਦੋਂ ਇਕ ਦਿਨ ਬਜ਼ਾਰ ਵਿਚੋਂ ਲੰਘਦਿਆਂ ਮੇਰੇ ਪਤੀ ਡਾ. ਕੇਸਰ ਨੇ ਕਿਹਾ "ਆ ਤੈਨੂੰ ਇਕ ਲੇਖਕ ਦੇ ਦਰਸ਼ਨ ਕਰਾਵਾਂ।" ਤੇ ਨਾਲ ਹੀ ਇਕ ਉੱਚੇ ਜਿਹੇ ਥੜ੍ਹੇ ਵਾਲੀ ਦੁਕਾਨ ਦੇ ਅੰਦਰ ਸਿਲਾਈ ਮਸ਼ੀਨ ਦੇ ਝੁਕੇ ਬੈਠੇ ਇਕ ਬੰਦੇ ਵੱਲ ਇਸ਼ਾਰਾ ਕੀਤਾ। ਆਪਣੇ ਕੰਮ ਵਿਚ ਮਗਨ ਉਸ ਬੰਦੇ ਨੂੰ ਉਦੋਂ ਹੀ ਪਤਾ ਲੱਗਾ ਜਦੋਂ ਕੇਸਰ ਹੁਰੀਂ ਦੁਕਾਨ ਤੇ ਜਾ ਚੜ੍ਹੇ। ਉਹ ਸਾਨੂੰ ਹੈਰਾਨੀ ਅਤੇ ਖੁਸ਼ੀ ਨਾਲ ਵੇਖਦਾ ਉੱਠ ਖੜ੍ਹਾ ਹੋਇਆ। ਸਧਾਰਨ ਜਿਹੀ ਦਿੱਖ ਸਧਾਰਨ ਜਿਹੇ ਕਪੜੇ - ਫ਼ਾਂਟਾਂ ਵਾਲਾ/ਪਜਾਮਾ ਅਤੇ ਵੱਟੋ-ਵੱਟ ਕਮੀਜ਼, ਜਿਵੇਂ ਗੋਰਕੀ ਦੇ ਨਾਵਲ 'ਮਾਂ' ਵਿਚਲਾ ਕੋਈ ਪਾਤਰ ਮੇਰੇ ਸਾਹਮਣੇ ਆ ਖਲੋਤਾ ਹੋਵੇ। ਇਹ ਸ਼ਿਵਨਾਥ ਸੀ। ਇਸ ਮੁਲਾਕਾਤ ਤੋਂ ਬਾਅਦ ਮੈਂ ਸ਼ਿਵਨਾਥ ਨੂੰ ਜਾਣਨਾ ਸ਼ੁਰੂ ਕੀਤਾ।

ਉਦੋਂ ਤੱਕ ਉਸਦੀ ਕਹਾਣੀਆਂ ਦੀ ਇਕ ਪੁਸਤਕ 'ਇਸ ਪਾਰ ਉਸ ਪਾਰ' (1967) ਛਪ ਚੁੱਕੀ ਸੀ। ਇਸਦੀ ਭੂਮਿਕਾ ਵਿਚ ਪ੍ਰਸਿੱਧ ਕਹਾਣੀਕਾਰ ਪ੍ਰਿੰ. ਸੁਜਾਨ ਸਿੰਘ ਨੇ ਲਿਖਿਆ ਹੈ -

ਉਸਦੀ ਕਠਿਨ ਜ਼ਿੰਦਗੀ ਨੇ ਉਸਨੂੰ ਕਹਾਣੀਕਾਰ ਦਾ ਮਸਾਲਾ ਮੁਹੱਈਆ ਕੀਤਾ ਹੈ ਤੇ ਉਸਦੇ ਕਠਿਨ ਪਰਿਸ਼੍ਰਮ ਨੇ ਉਸਨੂੰ ਇਕ ਲੇਖਕ ਤੇ ਕਵੀ ਬਣਾ ਦਿੱਤਾ ਹੈ। (ਇਸ ਪਾਰ ਉਸ ਪਾਰ ਪੰਨਾ-7)

ਕਿੱਡੀ ਅਨੋਖੀ ਗੱਲ ਹੈ। ਕਠਿਨ ਜ਼ਿੰਦਗੀ ਅਤੇ ਕਠਿਨ ਪਰਿਸ਼ਰਮ ਵਿਚੋਂ ਇਕ ਲੇਖਕ ਦਾ ਜਨਮ ਹੋਣਾ। ਪਰ ਇਹ ਹਮੇਸ਼ਾ ਹਰ ਇੱਕ ਨਾਲ ਨਹੀਂ ਹੁੰਦਾ। ਹਿੰਦੁਸਤਾਨ ਦੀ ਅੱਧਿਓਂ ਵੱਧ ਆਬਾਦੀ ਕਠਿਨ ਜ਼ਿੰਦਗੀ ਜੀ ਰਹੀ ਹੈ ਤੇ ਕਠਿਨ ਪਰਿਸ਼ਰਮ ਵੀ ਕਰ ਰਹੀ ਹੈ। ਪਰ ਲੇਖਕ ਤਾਂ ਕੋਈ ਵਿਰਲਾ-ਟਾਵਾਂ ਹੀ ਬਣਦਾ ਹੈ, ਜਿਸ ਅੰਦਰ ਜਗਿਆਸਾ ਹੈ- ਜ਼ਿੰਦਗੀ ਨੂੰ ਜਾਣਨ-ਸਮਝਣ ਦੀ। ਆਪਣੇ ਹਾਲਾਤ ਤੇ ਆਪਣੇ ਆਲੇ-ਦੁਆਲੇ ਦੇ ਵਰਤਾਰੇ ਬਾਰੇ ਸੁਆਲ ਕਰਨ ਦੀ ਜਗਿਆਸਾ ਤੇ ਉਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਦੀ ਅਭਿਲਾਸ਼ਾ। ਸ਼ਿਵਨਾਥ ਇਸੇ ਜਗਿਆਸਾ ਦਾ ਨਾਂ ਹੈ।

ਪਹਿਲਾਂ ਲਿਖਿਆ ਅੱਖਰ ਪੜ੍ਹਨ ਦੀ ਜਗਿਆਸਾ ਤੇ ਫਿਰ ਅੱਖਰ ਲਿਖਣ ਦੀ ਜਗਿਆਸਾ। ਇਹ ਜਗਿਆਸਾ ਕਿਸ਼ੋਰ ਅਵਸਥਾ ਵਿਚ ਉਦੋਂ ਹੀ ਸ਼ੁਰੂ ਹੋ ਗਈ ਸੀ ਜਦੋਂ ਪਿਤਾ ਦੀ ਮੌਤ ਪਿੱਛੋਂ ਸਿਰ ਆ ਪਈ ਪੰਜ ਜੀਆਂ ਦੇ ਟੱਬਰ ਦੀ ਕਬੀਲਦਾਰੀ ਨਜਿੱਠਣ ਲਈ ਛੋਲੇ ਵੇਚਣ ਦਾ ਧੰਦਾ ਕਰਦਿਆਂ, ਚਾਚੇ ਸੌਣ ਮੱਲ ਦੇ ਘਰ ਵਿਚ ਹੀ ਸਿਖਾਏ ਉਰਦੂ ਅੱਖਰਾਂ ਦੀ ਯਾਦਾਸ਼ਤ ਸਹਾਰੇ, ਫਗਵਾੜੇ ਵਿਖੇ ਦੁਕਾਨਾਂ ਦੇ ਬੋਰਡਾਂ ਉਪਰ ਲਿਖੇ ਸ਼ਬਦਾਂ ਨੂੰ ਨੀਝ ਲਾ ਕੇ ਪੜ੍ਹਨ ਦੀ ਕੋਸ਼ਿਸ਼ ਸ਼ੁਰੂ ਹੋਈ। 'ਦੁੱਗਲ ਸੋਡਾ ਵਾਟਰ ਫੈਕਟਰੀ' ਨੂੰ 'ਦੋ ਗੱਲਾਂ ਸੋਡਾ ਵਾਟਰ ਫੈਕਟਰੀ' ਅਤੇ 'ਬੰਗਾ ਮੈਡੀਕਲ ਹਾਲ' ਨੂੰ 'ਸੁਨਿਆਰਿਆਂ ਦੀ ਵੱਡੀ ਦੁਕਾਨ ਪੜ੍ਹ ਜਾਣਾ' ਬੜੀਆਂ ਦਿਲਚਸਪ ਘਟਨਾਵਾਂ ਹਨ। (ਮੇਰਾ ਜੀਵਨ) ਤੇ ਫਿਰ ਇਸੇ ਗਿਆਨ ਸਹਾਰੇ ਗੀਤਾਂ ਦਾ ਉਰਦੂ ਅਨੁਵਾਦ ਪੜ੍ਹਨ ਤੇ ਸਮਝਣ ਦੀ ਜੱਦੋ-ਜਹਿਦ, ਤੇ ਕਿਸੇ ਵੀ ਥੋੜ੍ਹੇ ਜਾਣੂ ਪੜ੍ਹੇ ਲਿਖੇ ਵਾਕਫ਼ ਤੋਂ ਕੁਝ ਨਾ ਕੁਝ ਸਿੱਖਦੇ ਰਹਿਣ ਦਾ ਯਤਨ, ਰਾਸਟਰੀ ਸਵੈਮ ਸੇਵਕ ਜਥੇਬੰਦੀ ਦੇ ਬਾਲਗ ਸਿੱਖਿਆ ਕੇਂਦਰ ਵਿਚ ਹਿੰਦੀ ਪੜ੍ਹਨੀ ਤੇ ਨਾਲ ਹੀ ਇਸ ਜਥੇਬੰਦੀ ਦੀ ਉਸ ਸਮੇਂ ਦੀ ਰਾਜਨੀਤੀ ਨੂੰ ਸਮਝਣਾ,ਗਿਆਨ ਪ੍ਰਾਪਤੀ ਦੀ ਉਹ ਜਗਿਆਸਾ ਹੀ ਹੈ ਜਿਸ ਨੇ ਉਸ ਅੰਦਰ ਇਕ ਅਜੀਬ ਜਿਹੀ ਭਟਕਣ ਪੈਦਾ ਕਰ ਦਿੱਤੀ। ਇਸ ਭਟਕਦੇ ਜਗਿਆਸੂ ਨੂੰ ਸਿੱਧਾ ਰਾਹ ਉਦੋਂ ਮਿਲਿਆ ਜਦੋਂ ਅੰਮ੍ਰਿਤਸਰ ਤੋਂ ਦਰਜ਼ੀ ਦਾ ਕੰਮ ਸਿੱਖਣ ਬਾਅਦ ਉਹ ਬੱਸੀ ਪਠਾਣਾਂ ਵਿਖੇ ਪੱਕੇ ਤੌਰ 'ਤੇ ਆ ਟਿਕਦਾ ਹੈ ਤੇ ਖੱਬੇ ਪੱਖੀ ਲਹਿਰ ਦੀਆਂ ਸਰਗਰਮੀਆਂ ਵਿਚ ਸ਼ਿਰਕਤ ਕਰਨੀ ਸ਼ੁਰੂ ਕਰਦਾ ਹੈ ਅਤੇ ਸਿਰ ਕੱਢਵੇਂ ਪੰਜਾਬੀ ਲੇਖਕਾਂ ਦੀ ਸੰਗਤ ਤੇ ਸ਼ਰਨ ਵਿਚ ਆਉਂਦਾ ਹੈ। ਪੰਜਾਬੀ ਦੇ ਦਿਉ-ਕੱਦ ਕਹਾਣੀਕਾਰ ਸੁਜਾਨ ਸਿੰਘ ਕੋਲੋਂ ਪੰਜਾਬੀ ਪੜ੍ਹਨੀ ਲਿਖਣੀ ਸ਼ੁਰੂ ਕਰਦਾ ਤੇ ਆਪਣੇ ਅੰਤਰੀਵ ਭਾਵਾਂ ਤੇ ਪ੍ਰਸ਼ਨਾਂ ਦੇ ਪ੍ਰਗਟਾਵੇ ਲਈ ਤੁਕਬੰਦੀ ਕਰਨ ਲੱਗਦਾ ਹੈ। ਕਹਾਣੀਕਾਰ ਸੁਜਾਨ ਸਿੰਘ ਦੇ ਹੀ ਸ਼ਬਦਾਂ ਵਿਚ :



ਸ਼ਿਵਨਾਥ ਬੱਸੀ ਪਠਾਣਾ ਵਿਚ ਇਕ ਦਰਜ਼ੀ ਦਾ ਕੰਮ ਕਰਦਾ ਹੈ ਅਤੇ ਇਸੇ ਸਿਲਸਿਲੇ ਵਿਚ ਮੇਰੀ ਉਸ ਨਾਲ ਪਹਿਲੀ ਮੁਲਾਕਾਤ ਹੋਈ। ਉਹ ਮੈਨੂੰ ਲੋਕ ਦਰਦੀ ਅਤੇ ਪੜ੍ਹਨ ਲਿਖਣ ਦਾ ਅਭਿਲਾਖੀ ਜਾਪਿਆ। ਇਕ ਅੱਧ ਸਾਲ ਵਿਚ ਹੀ ਸ਼ਿਵਨਾਥ ਨਾ ਕੇਵਲ ਪੜ੍ਹਨ ਲਿਖਣ ਸਿੱਖ ਗਿਆ ਸਗੋਂ ਚੰਗੀਆਂ ਕਵਿਤਾਵਾਂ ਤੇ ਕਹਾਣੀਆਂ ਵੀ ਰਚਨ ਲੱਗ ਪਿਆ। (ਇਸ ਪਾਰ ਉਸ ਪਾਰ, ਪੰ.-8)

ਪਰ ਜਿਉਂ-ਜਿਉਂ ਉਹ ਵਧੇਰੇ ਪੜ੍ਹਦਾ ਲਿਖਦਾ ਗਿਆ ਤਿਉਂ-ਤਿਉਂ ਉਸਦੀ ਜਗਿਆਸਾ ਵੱਧਦੀ ਗਈ। ਪੜ੍ਹਨ ਲਿਖਣ ਦੇ ਸ਼ੌਕ ਨੇ ਉਸਦੇ ਦਰਜ਼ੀ ਦੇ ਕਿੱਤੇ ਤੇ ਅਸਰ ਪਾਇਆ ਅਤੇ ਉੱਤੋਂ ਸੋਨੇ ਤੇ ਸੁਹਾਗੇ ਵਾਲੀ ਗੱਲ ਕੀਤੀ, ਅੱਖਾਂ ਦੀ ਕਮਜ਼ੋਰੀ ਨੇ। (ਸ਼ਿਵ ਦੀ ਇਕ ਅੱਖ ਬਚਪਨ ਵਿਚ ਨੁਕਸਾਨੀ ਗਈ ਸੀ) ਅਤੇ ਨਵੇਂ ਫੈਸ਼ਨਾਂ ਦੇ ਕੱਪੜਿਆਂ ਦੇ ਚਲਨ ਨੇ। ਸਿੱਟੇ ਵਜੋਂ ਮਾਇਕ ਹਾਲਤ ਹੋਰ ਨਿਘਾਰੀ ਤੇ ਬੱਸੀ ਪਠਾਣਾ ਛੱਡਣਾ ਪਿਆ ਅਤੇ ਡਾ. ਕੇਸਰ ਸਿੰਘ ਕੇਸਰ, ਡਾ. ਕਰਨੈਲ ਸਿੰਘ ਸੋਮਲ ਅਤੇ ਡਾ. ਜਾਗੀਰ ਸਿੰਘ ਦੀ ਹੱਲਾਸ਼ੇਰੀ ਦੇ ਮਦਦ ਨਾਲ ਉਸਨੇ ਮੁਹਾਲੀ ਆ ਡੇਰੇ ਲਾਏ ਜਿੱਥੇ ਉਸਨੇ ਨਵਾਂ ਕਿੱਤਾ ਸ਼ੁਰੂ ਕੀਤਾ। ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਦੇ ਵੱਖ-ਵੱਖ ਤਰ੍ਹਾਂ ਦੇ ਮੈਗਜ਼ੀਨ ਖਰੀਦ ਕੇ, ਸਾਈਕਲ ਦੇ ਲੱਦ ਕੇ ਪੜ੍ਹਨ ਦੀ ਮੱਸ ਰੱਖਣ ਵਾਲੇ ਪਾਠਕਾਂ ਦੇ ਘਰੋ-ਘਰੀ ਮਾਸਿਕ ਕਿਰਾਏ ਤੇ ਪਹੁੰਚਾਉਣੇ। ਆਪਣੇ ਇਸ ਕਿੱਤੇ ਨੂੰ ਉਹ 'ਫਿਰਤੂ ਲਾਇਬ੍ਰੇਰੀ' ਕਹਿੰਦਾ ਹੈ। ਮੁਹਾਲੀ ਦੇ ਫੇਜ਼ ਛੇ ਦੇ ਕਿਰਾਏ ਦੇ ਘਰ ਤੋਂ ਲੈ ਕੇ ਫੇਜ਼ ਦਸ ਦੇ ਇਕ ਕਮਰੇ ਵਾਲੇ ਘਰ ਤੱਕ ਆਉਂਦਿਆਂ ਤੇ ਇਸ ਘਰ ਵਿਚ ਵਸੇਬਾ ਕਰਨ ਬਾਅਦ ਸ਼ਿਵ ਲਈ ਜ਼ਿੰਦਗੀ ਵੀ ਤੇ ਸਾਹਿਤ ਰਚਨਾ ਵੀ ਕਿਵੇਂ ਕਠਿਨ ਪਰਿਸ਼ਰਮ ਬਣਿਆ ਰਿਹਾ, ਉਹ ਉਸਦੀ ਬਦਤਮੀਜ਼ ਪੁਸਤਕ ਵਿਚਲੀ ਇਕ ਕਵਿਤਾ ਦੀਆਂ ਇਨ੍ਹਾਂ ਸਤਰਾਂ ਤੋਂ ਸਪੱਸ਼ਟ ਹੈ :

ਇਹ ਸੜਕਾਂ ਘਰ ਨੇ ਮੇਰੇ<br>
ਰੁੱਖ ਮੇਰੇ ਲਿਖਣ ਕਮਰੇ ਨੇ<br>
ਤੇ ਮੇਜ਼ਾਂ ਕੁਰਸੀਆਂ ਫੁੱਟ ਪਾਥ<br>
ਜਿੱਥੇ ਬਹਿ ਕੇ ਪੜ੍ਹਦਾ ਹਾਂ<br>
ਜਾਂ ਕੋਈ ਗੀਤ ਘੜ੍ਹਦਾ ਹਾਂ।

ਜਦੋਂ ਦਾ ਘਰ ਜਿਹਾ ਮਿਲਿਐ<br>
ਮੈਂ ਆਪਣੇ ਘਰ ਨਹੀਂ ਰਹਿੰਦਾ<br>
ਮੇਰਾ ਪਰਵਾਰ ਪੁੱਛਦਾ ਏ<br>
ਤੂੰ ਕਿਉਂ ਟਿਕ ਕੇ ਨਹੀਂ ਬਹਿੰਦਾ।

ਵਿਅੰਗ ਇਹ ਕਿ ਇਸ ਕਵਿਤਾ ਦਾ ਨਾਂ ਸ਼ਿਵਨਾਥ ਨੇ ਰੱਖਿਆ, 'ਆਜ਼ਾਦੀ' ਲੋਕ

ਰਾਜੀ ਸਰਕਾਰ ਦੇ ਘੱਟ ਆਮਦਨ ਵਰਗਾਂ ਲਈ ਬੜੀ 'ਫਰਾਖ਼ਦਿਲੀ' ਨਾਲ ਰਿਆਇਤੀ ਦਰਾਂ 'ਤੇ ਦਿੱਤੇ ਇਕ ਕਮਰੇ ਵਾਲੇ ਐਲ. ਆਈ. ਜੀ. ਫਲੈਟ ਜਿਸ ਵਿਚ ਇਕ ਟੱਬਰ ਦੇ ਸੱਤਾਂ ਜੀਆਂ ਦੀ ਰਿਹਾਇਸ਼ ਹੈ। ਸ਼ਿਵਨਾਥ ਇਸਨੂੰ ਵਿਅੰਗ ਨਾਲ 'ਕੋਠੀ' ਕਹਿੰਦਾ ਹੈ -

ਮੇਰੇ ਪੁੱਤਰ ਦੀ ਇਕ 'ਕੋਠੀ' 'ਚ
ਇਕੋ ਹੀ ਤਾਂ ਕਮਰਾ ਹੈ।
ਜਿਦ੍ਹੇ ਵਿਚ ਦੋ ਚੁਗਾਠੇ ਡਾਹ ਕੇ
ਕੁਰਸੀ ਵੀ ਨਹੀਂ ਡਹਿੰਦੀ
ਜੇ ਡਾਹੋ ਤਾਂ ਜਗ੍ਹਾ ਲੰਘਣ ਦੀ
ਉੱਕਾ ਹੀ ਨਹੀਂ ਰਹਿੰਦੀ।

ਫਿਰ ਸ਼ਿਵਨਾਥ ਅੰਦਰ ਬੈਠੇ ਲੇਖਕ ਨਾਲੋਂ ਵੀ ਵੱਡੇ ਜਗਿਆਸੂ ਦੀ ਜਗਿਆਸਾ ਕਿਵੇਂ ਸ਼ਾਂਤ ਹੋਵੇ। ਇਸੇ ਲਈ ਇੰਨੀਆਂ ਪੁਸਤਕਾਂ ਲਿਖਣ ਬਾਅਦ ਵੀ ਉਹ ਆਪਣੀ ਨਵੀਂ ਪੁਸਤਕ ਦਾ ਨਾਂ ਰੱਖਦਾ ਹੈ 'ਜਗਿਆਸਾ'।

ਤੇ ਹੁਣ ਆਈਏ ਪੁਸਤਕ ਜਗਿਆਸਾ ਤੇ ਸ਼ਿਵਨਾਥ ਦੀ ਕਵਿਤਾ ਵੱਲ।

ਸ਼ਿਵਨਾਥ ਦੀ ਸਮੁੱਚੀ ਕਵਿਤਾ ਉਸਦੀ ਆਪਣੀ ਸ਼ਖ਼ਸੀਅਤ ਵਾਂਗ ਹੀ ਇਕ ਸਾਦਾ ਸਾਹਸੀ ਤੇ ਕਾਮੇ ਪੁਰਸ਼ ਦੀ ਕਵਿਤਾ ਹੈ। ਇਸ ਕਵਿਤਾ ਦਾ ਥੀਮਕ ਪਾਸਾਰ ਬਹੁਤ ਵਿਸ਼ਾਲ ਹੈ। ਕਾਮੇ ਆਦਮੀ ਦੇ ਜੀਵਨ, ਘਰ, ਰੋਟੀ, ਨਿੱਤ ਦੀਆਂ ਲੋੜਾਂ-ਥੋੜ੍ਹਾਂ, ਔਰਤ ਦੀ ਦਾਸਤਾਂ ਤੋਂ ਲੈ ਕੇ ਮਜ਼ਬੀ ਸਿਆਸਤ, ਧਰਮੀ-ਠੱਗੀ ਦੇ ਵਿਖੰਡਨ, ਰਾਸ਼ਟਰੀ-ਅੰਤਰਰਾਸ਼ਟਰੀ ਸਿਆਸਤ, ਭ੍ਰਿਸ਼ਟ ਰਾਜਨੀਤੀ, ਉੱਤਰ ਆਧੁਨਿਕ ਖਪਤ ਕਲਚਰ ਦੇ ਬੋਲਬਾਲੇ, ਜਿਨਸੀ ਖੁੱਲ੍ਹ, ਹਿੰਸਾ, ਅਰਾਜਕਤਾ, ਵਿਸ਼ਵੀਕਰਨ ਸਭਿਆਚਾਰਕ ਨਿਘਾਰ ਅਤੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਤੱਕ ਨੂੰ ਆਪਣੇ ਕਲੇਵਰ ਵਿਚ ਸਮੇਟਦੀ ਹੈ। ਜਗਿਆਸਾ ਪੁਸਤਕ ਵਿਚ ਵੀ ਇਹ ਸਾਰੇ ਥੀਮ ਬੜੇ ਸਹਿਜ ਪਰ ਪੁਖ਼ਤਾ ਢੰਗ ਨਾਲ ਪੇਸ਼ ਹੋਏ ਹਨ। ਇਸ ਵਿਚਲੀਆਂ 63 ਕਵਿਤਾਵਾਂ ਵਿਚ ਇਹ ਥੀਮ ਉਸ ਮਿਹਨਤਕਸ਼, ਆਮ ਆਦਮੀ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਹੋਏ ਹਨ ਜਿਹੜਾ ਨਾ ਚਾਹੁੰਦਿਆਂ ਹੋਇਆਂ ਵੀ ਉਪਰੋਕਤ ਸਾਰੇ ਵਰਤਾਰੇ ਦਾ ਸ਼ਿਕਾਰ ਹੋ ਰਿਹਾ ਹੈ। ਅਸਲ ਵਿਚ ਸ਼ਿਵਨਾਥ ਇਨ੍ਹਾਂ ਕਵਿਤਾਵਾਂ ਰਾਹੀਂ ਸਾਨੂੰ ਸਾਡੇ ਯੁਗ ਦੇ ਦਰਸ਼ਨ ਕਰਵਾ ਰਿਹਾ ਹੈ। ਇਹ ਯੁੱਗ ਆਪੋਧਾਪੀ ਦਾ ਯੁੱਗ ਹੈ, ਮਜ਼ਬੀ ਕੱਟੜਤਾ ਨੇ ਸਮੁੱਚੇ ਸਮਾਜ ਨੂੰ ਇਕ ਜੰਗਲ ਬਣਾ ਕੇ ਇਸ ਅੰਦਰ ਦਾਵਾਨਲ ਨੂੰ ਭੜਕਾ ਦਿੱਤਾ ਹੈ। ਵਿਸ਼ਵੀਕਰਨ ਦੇ ਭੂਤ ਨੇ ਸਾਰੀ ਦੁਨੀਆਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਅਜਿਹੇ ਹਨ੍ਹੇਰੇ ਅੰਦਰ ਧੱਕ ਦਿੱਤਾ ਹੈ ਜਿੱਥੇ ਆਦਮੀ ਆਪਣੇ ਆਪ ਨੂੰ ਠੱਗਿਆ ਜਿਹਾ ਮਹਿਸੂਸ ਕਰ ਰਿਹਾ ਹੈ :



ਮੈਂ ਉਸ ਯੁਗ ਵਿਚ ਵਿਚਰ ਰਿਹਾ ਹਾਂ
ਜਿਸ ਵਿਚ ਬੰਦਾ
ਆਪਣੇ ਖੋਲ ਤੋਂ ਬਾਹਰ ਨਿਕਲ
ਝਾਕਣ ਤੋਂ ਵੀ ਤ੍ਰਭਕ ਰਿਹਾ ਹੈ। (ਆਪੋਧਾਪੀ ਦੇ ਇਸ ਯੁਗ ਵਿਚ)

• ਬਾਸਾਂ ਦੇ ਜੰਗਲ ਨੂੰ ਲੱਗੀ
ਲਟਲਟ ਬਲਦੀ
ਅੱਗ ਬੁਝਾਈਏ
ਜਾਂ ਫਿਰ ਇਸ ਤੋਂ ਭੱਜ ਕੇ
ਕਿਸ ਪਰਬਤ ਤੇ ਚੜ੍ਹ ਜਾਈਏ (ਦਾਵਾਨਲ)

• ਲੈ ਲਿਆ ਹੈ ਨ੍ਹੇਰ ਨੇ
ਬੁੱਕਲ 'ਚ ਸਾਡਾ ਅਸਮਾਨ
ਕਿਸ ਤਰ੍ਹਾਂ ਦਾ ਪਿੰਡ
ਬਣ ਚਲਿਆ ਇਹ ਸਾਰਾ ਜਹਾਨ। (ਵਿਸ਼ਵੀਕਰਨ ਦਾ ਭੂਤ)

ਆਪੋਧਾਪੀ ਯਾਨਿ ਵਿਅਕਤੀਵਾਦ, ਮਜ਼ਬੀ ਕੱਟੜਤਾ ਤੇ ਵਿਸ਼ਵੀਕਰਣ ਤਿੰਨ ਤਰ੍ਹਾਂ ਦੇ ਵਿਰੋਧਾਭਾਸੀ ਵਰਤਾਰੇ ਸਾਡੇ ਯੁੱਗ ਦੀ ਹੋਣੀ ਬਣੇ ਹੋਏ ਹਨ। ਇਕ ਪਾਸੇ ਵਿਅਕਤੀ ਆਪਣੇ ਖੋਲ ਵਿਚੋਂ ਬਾਹਰ ਝਾਕਣ ਦਾ ਹੀਆ ਨਹੀਂ ਕਰਦਾ, ਦੂਜੇ ਪਾਸੇ ਮਜ਼ਬੀ ਕੱਟੜਤਾ ਕਾਰਨ ਉਹ ਉਸ ਹਜੂਮ ਦਾ ਹਿੱਸਾ ਬਣ ਜਾਂਦਾ ਹੈ। ਜਿਸ ਕਾਰਨ ਮਜ਼ਬ ਦੇ ਨਾਂ ਥੱਲੇ ਸਮਾਜਿਕ ਰਿਸ਼ਤਿਆਂ, ਆਪਸੀ ਸਾਂਝਾਂ, ਜਾਤਪਾਤੀ ਵਖਰੇਵਿਆਂ ਕਰਕੇ ਭਾਈਚਾਰੇ ਤੇ ਪਿਆਰ ਮੁਹੱਬਤ ਵਰਗੇ ਸੱਚੇ ਸੁੱਚੇ ਜਜ਼ਬਿਆਂ ਦਾ ਘਾਣ ਹੋ ਰਿਹਾ ਹੈ ਤੇ ਤੀਜੇ ਪਾਸੇ ਵਿਸ਼ਵੀਕਰਨ ਨੇ, ਜਿਸਦੇ ਸਮਰਥਕ ਸਾਰੀ ਦੁਨੀਆਂ ਨੂੰ ਇਕ ਗਲੋਬਲ ਪਿੰਡ ਵਿਚ ਤਬਦੀਲ ਕਰਨ ਦੇ ਦਮਗੱਜੇ ਮਾਰਦੇ ਹਨ, ਸਮੁੱਚੇ ਸਮਾਜ ਨੂੰ ਮੰਡੀ ਬਣਾ ਕੇ ਖਪਤ ਕਲਚਰ ਦੇ ਹਵਾਲੇ ਕਰ ਦਿੱਤਾ ਹੈ।

ਬਣ ਗਿਐ ਸੰਸਾਰ ਉਹਨਾਂ ਵਾਸਤੇ
ਇਕ ਛੋਟਾ ਜਿਹਾ ਪਿੰਡ
ਤੇ ਅਸਾਡਾ ਦੇਸ਼ ਅੱਜ ਉਸ ਪਿੰਡ ਦੀ
ਮੰਡੀ ਦਾ ਹਿੱਸਾ
ਸ਼ਾਇਦ ਏਸੇ ਵਾਸਤੇ ਆਈਆਂ ਨੇ
ਬਾਹਰੋਂ ਹੱਟੀਆਂ

ਬੰਦ ਹੋ ਚੱਲੇ ਨੇ ਸਾਡੇ ਆਪਣੇ
ਦੇਸੀ ਬਜ਼ਾਰ (ਵਿਸ਼ਵੀਕਰਨ)

ਮੰਡੀ ਤੇ ਖਪਤ ਕਲਚਰ ਨੇ ਸਾਡੇ ਆਮ ਮਨੁੱਖ ਲਈ ਤਿੰਨ ਖੇਤਰਾਂ ਵਿਚ ਘੁਸਪੈਠ ਕਰਕੇ ਪ੍ਰਦੂਸ਼ਣ ਪੈਦਾ ਕੀਤਾ ਹੈ। ਇਹ ਖੇਤਰ ਹਨ, ਪ੍ਰਕ੍ਰਿਤਕ, ਭੂਗੋਲਿਕ ਅਤੇ ਸਭਿਆਚਾਰਕ।

• ਨਦੀਆਂ ਰੋਣ ਡੁਸਕਦੇ ਪਾਣੀ
ਕੰਢਿਆਂ 'ਤੇ ਤਰਿਹਾਏ
ਸਾਫ਼ ਹਵਾ ਨੂੰ
ਤਰਸਣ ਲੋਕੀਂ
ਕੇਹੇ ਜ਼ਮਾਨੇ ਆਏ।

ਪਾਣੀ ਦਾ ਘੁੱਟ
ਪੀਣ ਤੋਂ ਪਹਿਲਾਂ
ਪਿਆਸਾ ਵੀ ਘਬਰਾਏ (ਏਅਰਕੰਡੀਸ਼ਨ)

• ਬੇਸ਼ਕ ਨਹੀਂ ਰਹੇ ਹੁਣ ਕਿਧਰੇ
ਰਾਜਾ ਰਾਣੀ
ਪਰ ਕੁਝ ਬੰਦਿਆਂ ਕੈਦ ਕਰੇ
ਅੱਗ ਹਵਾ ਤੇ ਨਿਰਮਲ ਪਾਣੀ
ਆਮ ਆਦਮੀ ਨੂੰ ਪੈਂਦਾ ਹੈ
ਹਰ ਥਾਂ ਨਰਕ ਹੰਢਾਣਾ। (ਪ੍ਰਦੂਸ਼ਣ)

ਖਪਤ ਕਲਚਰ ਤੇ 'ਸ਼ਾਹ ਜ਼ੋਰ ਬੰਦਿਆਂ ਦੀ ਜਮਾਤ' ਨੇ ਮਨੁੱਖ ਨੂੰ ਉਸਦੇ ਜੱਦੀ ਪੁਸ਼ਤੀ ਭੂਗੋਲਿਕ ਖੇਤਰ ਤੋਂ ਨਿਰਵਾਸਤ ਕਰ ਦਿੱਤਾ ਹੈ। ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਸਥਾਨਾਂਤਰਣ ਨੇ ਮਨੁੱਖ ਨੂੰ ਜੜ੍ਹੋਂ ਹੀ ਉਖਾੜ ਕੇ ਰੱਖ ਦਿੱਤਾ ਹੈ। ਇਹ ਸਥਾਨਾਂਤਰਣ ਉਸਨੂੰ ਹਰ ਪਾਸਿਓਂ ਮਹਿੰਗਾ ਪੈ ਰਿਹਾ ਹੈ। ਪਿੰਡ ਤੋਂ ਸ਼ਹਿਰ ਵੱਲ ਦੀ ਦੌੜ ਨੇ ਉਸ ਨੂੰ ਅੱਧ ਵਿਚਾਲੇ ਲਟਕਾ ਦਿੱਤਾ ਹੈ। ਉਸਦੀ ਧਰਤੀ ਤੇ ਦਨਦਨਾਉਂਦਾ ਭੂਮਾਫ਼ੀਆ ਉਸਨੂੰ ਰੰਗਲੇ ਸੁਪਨੇ ਦਿਖਾ ਕੇ, ਸ਼ਹਿਰਾਂ ਵੱਲ ਭੱਜਣ ਦੀ ਹੋੜ ਵਿਚ ਸ਼ਾਮਲ ਕਰ ਰਿਹਾ ਹੈ ਅਤੇ ਸ਼ਹਿਰਾਂ ਵਿਚ ਬਦੇਸ਼ੀ ਬਰਾਂਡਿਡ ਮਾਲ ਨਾਲ ਅੱਟੇ ਸ਼ਾਪਿੰਗ ਮਾਲ, ਬਹੁਮੰਜ਼ਿਲੇ, ਬਹੁਕਰੋੜੀ ਖੁੱਡਾਨੁਮਾ ਫਲੈਟ ਉਸ ਦਾ ਪੈਰ ਨਹੀਂ ਲੱਗਣ ਦੇ ਰਹੇ।

ਪਿੰਡ ਦੌੜੇ ਆ ਰਹੇ ਨੇ
ਸ਼ਹਿਰ ਨੂੰ



ਸ਼ਹਿਰ ਆੜ੍ਹਾਖੋੜ ਲਾ ਕੇ
ਬਹਿ ਗਿਐ
ਰਾਂਗਲਾ ਸੁਪਨਾ ਅਧੂਰਾ
ਰਹਿ ਗਿਐ।
ਖਾ ਗਿਆ ਪਿੰਡਾਂ ਨੂੰ ਵੀ
ਭੂਮਾਫ਼ੀਆ
ਮਿਟ ਰਿਹੈ ਭਾਈਚਾਰਿਆਂ ਦਾ
ਨਾਂ ਨਿਸ਼ਾਨ। (ਭੂਮਾਫ਼ੀਆ)

ਪਿੰਡ ਭਾਰਤ ਵਰਗੇ ਦੇਸ਼ ਦਾ ਆਧਾਰ ਹਨ, ਜਿਸ ਉਪਰ ਸਮੁੱਚੀ ਆਰਥਿਕਤਾ ਟਿਕੀ ਹੋਈ ਹੈ। ਇਸ ਆਧਾਰ ਨੂੰ ਤਹਿਸ-ਨਹਿਸ ਕਰਦੇ ਹੋਏ ਸ਼ਹਿਰੀਕਰਨ ਦਾ ਕਾਰਨ ਵੀ ਕਾਲਾ ਧਨ ਹੈ ਅਤੇ ਪਰਿਣਾਮ ਵੀ ਕਾਲਾ ਧਨ, ਯਾਨਿ ਕਾਲੇ ਧਨ ਦੇ ਜ਼ੋਰ 'ਤੇ ਜ਼ਮੀਨਾਂ ਹੜੱਪੀਆਂ ਜਾ ਰਹੀਆਂ ਹਨ ਅਤੇ ਅੱਗੋਂ ਹੋਰ ਕਾਲਾ ਧਨ ਕਮਾਇਆ ਜਾ ਰਿਹਾ ਹੈ। ਜਿਸ ਨਾਲ ਸ਼ਹਿਰਾਂ-ਮਹਾਂ ਨਗਰਾਂ ਵਿਚ ਕਈ ਤਰ੍ਹਾਂ ਦੇ ਅਨੈਤਿਕ ਧੰਦਿਆਂ ਦਾ ਕਾਰੋਬਾਰ ਚੱਲਦਾ ਹੈ।

• ਸੌ ਪਿੰਡਾਂ ਦੀਆਂ ਕਬਰਾਂ ਉੱਤੇ
ਸ਼ਹਿਰ ਖਲੋਤਾ ਮੌਜਾਂ ਮਾਣੇ
ਖੁੱਲ੍ਹੀਆਂ ਸੜਕਾਂ
ਆਲੀਸ਼ਾਨ ਬਿਲਡਿੰਗਾਂ ਅੰਦਰ
ਚਲਦੇ ਧੰਦੇ
ਮਿਲ ਜਾਂਦੇ ਨੇ ਵਰਤ ਲੈਣ ਨੂੰ
ਸਸਤੇ 'ਬੰਦੇ'।

• ਰੰਗਾਂ ਅਤੇ ਸੁਗੰਧਾਂ ਦੇ
ਚੌਥੇ ਦਿਨ ਮੇਲੇ
ਕਾਲੇ ਧਨ ਨੂੰ ਐਸ਼ਪ੍ਰਸਤੀ
ਦੀ ਕੋਈ ਵੀ ਘਾਟ ਨਹੀਂ ਹੈ। (ਸ਼ਹਿਰ)

ਆਪਣੀ ਧਰਤੀ, ਆਪਣੀਆਂ ਜੜ੍ਹਾਂ ਤੋਂ ਟੁੱਟ ਕੇ, ਵਿਸ਼ਵੀਕਰਨ ਤੇ ਖਪਤ ਕਲਚਰ ਦਾ ਸ਼ਿਕਾਰ ਹੋ ਕੇ, ਮਨੁੱਖ ਆਪਣੇ ਸਭਿਆਚਾਰਕ-ਸੰਸਕ੍ਰਿਤਕ ਵਿਰਸੇ ਤੋਂ ਵੀ ਵਿਰਵਾ ਹੋ ਜਾਂਦਾ ਹੈ। ਜਿਸ ਤਰ੍ਹਾਂ ਦੀ ਅਰਾਜਕਤਾ ਅਤੇ ਜੜ੍ਹਹੀਨਤਾ ਉਸਦੇ ਸਮਾਜਿਕ ਜੀਵਨ ਵਿਚ ਹੈ ਉਸੇ ਤਰ੍ਹਾਂ ਦੀ ਅਰਾਜਕਤਾ ਅਤੇ ਬੇਅਰਥਤਾ ਉਸਦੇ ਸਭਿਆਚਾਰ ਵਿਚ ਪ੍ਰਵੇਸ਼

ਕਰ ਗਈ ਹੈ ਤੇ ਉਹ ਸਭਿਆਚਾਰਕ ਕੰਗਾਲੀ, ਸੰਸਕ੍ਰਿਤਕ ਨਿਘਾਰ ਦਾ ਸ਼ਿਕਾਰ ਹੋ ਕੇ ਸੁਹਜ-ਸੁਆਦੋਂ ਸੱਖਣਾ ਹੋ ਕੇ, ਹਰ ਤਰ੍ਹਾਂ ਦੀ ਸਮਾਜਿਕ ਮਰਿਆਦਾ ਦਾ ਉਲੰਘਣ ਕਰ ਰਿਹਾ ਹੈ। ਕਲਾ, ਸੁਹਜ ਤੇ ਸੰਗੀਤ ਦੀ ਥਾਂ ਨੰਗੇਜ ਤੇ ਕੰਨਪਾੜਵੇਂ ਰੌਲੇ ਨੇ ਲੈ ਲਈ ਹੈ। ਸ਼ਿਵਨਾਥ ਇਸ ਰੌਲੇ ਨੂੰ 'ਧਮੱਚੜ' ਕਹਿੰਦਾ ਹੈ :

• ਖਾਣ ਪੀਣ ਤੇ ਮੌਜ-ਮੇਲਿਆਂ
ਜਕੜ ਲਏ ਨੇ ਕੁੜੀਆਂ ਮੁੰਡੇ
ਬੋਲਾਂ ਅਤੇ ਸਰੀਰਾਂ ਵਿਚੋਂ
ਝਾਕ ਰਿਹਾ ਨੰਗੇਜ
ਉੱਡ ਗਿਆ ਏ ਹਰ ਇਕ ਪੱਖੋਂ
ਅੱਜ ਜਿਵੇਂ ਪ੍ਰਹੇਜ਼।
ਸੁਰ ਸੰਗੀਤ ਕਲਾ ਨੂੰ ਮਿਲਿਆ
ਕਿਧਰੇ ਦੇਸ਼ ਨਿਕਾਲਾ
ਕੰਨ ਪਾੜਵੇਂ ਸ਼ੋਰ ਗ੍ਰਸਿਆ
ਸਾਡਾ ਆਲਾ-ਦਵਾਲਾ।
ਚਲਦਾ ਚਲਦਾ ਜਾਮ ਹੋ ਗਿਆ
ਸਭਿਆਚਾਰਕ ਰੱਥ ਦਾ ਪਹੀਆ। (ਸਮੇਂ ਦਾ ਚਮਤਕਾਰ)

• ਉਹ 'ਸੁਰ-ਸੰਗੀਤ' ਪਿੱਛੇ ਪੈ ਗਏ ਨੇ
ਲਾਠੀਆਂ ਲੈ ਕੇ
ਜਿਧਰ ਜਾਓ ਮਿਲੇਗਾ ਹਰ ਜਗ੍ਹਾ
ਕੰਨ-ਪਾੜਵਾਂ ਰੌਲਾ
ਜਾਂ ਨਿਰਾ ਨੰਗੇਜ਼ ਬੇਹੂਦਾ
ਆ ਪਹੁੰਚੇ ਸਟੇਜਾਂ 'ਤੇ। (ਧਮੱਚੜ)

ਅਜਿਹੀ ਸਥਿਤੀ ਵਿਚ ਆਮ ਮਨੁੱਖ ਜਿਸ ਵਿਚ ਕਾਮਾ, ਕਿਰਤੀ, ਮਜ਼ਦੂਰ, ਔਰਤ, ਬੱਚਾ ਸ਼ਾਮਿਲ ਹਨ, ਦੀ ਸਥਿਤੀ ਲਗਾਤਾਰ ਅਸੁਰੱਖਿਅਤ ਬਣੀ ਹੋਈ ਹੈ। ਇਹ ਪੂਰਾ ਦੌਰ ਹੀ ਸਮਾਜ ਦੀ ਇਸ ਵਿਸ਼ੇਸ਼ ਵਸੋਂ ਲਈ ਅਸੁਰੱਖਿਅਤਾ ਦਾ ਦੌਰ ਹੈ। ਭ੍ਰਿਸ਼ਟ ਰਾਜਨੀਤੀ ਨੇ ਆਮ ਮਨੁੱਖ ਨੂੰ ਬਿਲਕੁਲ ਨਿਸੱਤਾ, ਨਿਤਾਣਾ ਬਣਾ ਦਿੱਤਾ ਹੈ। ਲੋਕਾਂ ਦੀ ਧਿਰ ਬਣਨ ਦਾ ਦੰਮ ਭਰਨ ਵਾਲੀਆਂ ਖੱਬੀਆਂ ਪਾਰਟੀਆਂ ਦੀ ਪਾਟੋਧਾੜ, ਸੱਜੀਆਂ ਪ੍ਰਤੀਕ੍ਰਿਆਵਾਦੀ ਤੇ ਫਿਰਕੂ ਪਾਰਟੀਆਂ ਦੇ ਆਪਸੀ ਗਠਜੋੜ ਨੇ ਸੂਝ-ਸਮਝ ਵਾਲੇ ਮਨੁੱਖ ਨੂੰ ਵੀ ਬੌਂਦਲਾ



ਦਿੱਤਾ ਹੈ।

• ਕਈ ਹਿੱਸਿਆਂ ਵਿਚ ਪਾਟ ਗਿਆ ਹੈ
ਭਰ ਵਗਦਾ ਦਰਿਆ
ਸੋਚ ਰਿਹਾ ਹਾਂ ਕਿਸ ਧਾਰਾ ਦੇ
ਨਾਲ ਤੁਰੇ ਹੁਣ ਬੰਦਾ। (ਦੁਖਾਂਤ)

• ਝੁੱਲਿਆ ਝੱਖੜ ਮੀਂਹ ਹਨੇਰੀ
ਕੀ ਵੁੱਕਤ ਹੈ ਤੇਰੀ ਮੇਰੀ
ਐਸਾ ਦੌਰ ਸਮੇਂ ਦਾ ਆਇਆ
ਧਰਤੀ ਭੰਗ ਸ਼ਰਾਬਾਂ ਘੇਰੀ। (ਜਗਿਆਸਾ)

• ਤੇ ਫਿਰ ਦੁਖਾਂਤ ਇਹ ਹੈ ਕਿ
ਨਾ ਕੋਈ ਅਤਿ ਸਿਆਣਾ ਮੇਰੇ
ਮਨ ਦੀ ਇਸ ਵਿਥਿਆ ਨੂੰ ਸਮਝੇ
ਨਾ ਕੋਈ ਮੇਰੇ ਕੋਲ ਖਲੋ ਕੇ
ਇਹ ਸਮਝਾਏ
ਲੋਕ ਰਾਜ ਦਾ ਕੀ ਮਤਲਬ ਹੈ? (ਜਗਿਆਸਾ)

'ਜਗਿਆਸਾ' ਇਸ ਪੁਸਤਕ ਦੀ ਆਖਰੀ ਕਵਿਤਾ ਹੈ ਤੇ ਇਸ ਦਾ ਅੰਤ ਵੀ ਇਕ ਪ੍ਰਸ਼ਨ ਨਾਲ ਹੁੰਦਾ ਹੈ। 'ਲੋਕ ਰਾਜ ਦਾ ਕੀ ਮਤਲਬ ਹੈ' ਯਾਨਿ ਜਗਿਆਸਾ ਅਜੇ ਵੀ ਨਹੀਂ ਮਿਟੀ। ਇਹ ਮਿਟ ਵੀ ਨਹੀਂ ਸਕਦੀ। ਸ਼ਿਵਨਾਥ ਵਰਗੇ ਸੰਘਰਸ਼ਸ਼ੀਲ, ਸਾਹਸੀ ਅਤੇ ਸੱਚ ਦੇ ਖੋਜੀ ਦੀ ਤਾਂ ਬਿਲਕੁਲ ਹੀ ਨਹੀਂ, ਜਦੋਂ ਤੱਕ ਉਸਦੇ ਪ੍ਰਸ਼ਨਾਂ ਦੇ ਉੱਤਰ ਅਮਲੀ ਰੂਪ ਵਿਚ ਨਹੀਂ ਮਿਲ ਜਾਂਦੇ।

ਪਰ ਫਿਰ ਵੀ ਸ਼ਿਵਨਾਥ ਨੂੰ ਆਸ ਹੈ, ਹਰ ਸੰਘਰਸ਼ੀਲ, ਕਾਮਾ ਮਨੁੱਖ ਹਮੇਸ਼ਾ ਆਸਵੰਦ ਰਹਿੰਦਾ ਹੈ ਕਿਉਂਕਿ ਉਸਨੂੰ ਕਾਮੇ-ਕਿਰਤੀ ਦੀ ਸ਼ਕਤੀ ਉੱਪਰ ਭਰੋਸਾ ਹੈ। ਕਿਉਂਕਿ ਉਹ ਜਾਣਦਾ ਹੈ ਕਿ ਹੁਣ ਤੱਕ ਉਸ ਦੀ ਮਿਹਨਤ ਤੇ ਕਿਰਤ ਸ਼ਕਤੀ ਦੇ ਸਹਾਰੇ ਇਹ ਸਮਾਜ ਨੇ ਤਰੱਕੀ ਕੀਤੀ ਹੈ। ਧਰਤੀ ਉੱਪਰ ਪਸਰੇ ਇਸ ਹਨੇਰ ਗੁਬਾਰ ਨੂੰ ਹਾਸ਼ੀਏ ਉੱਤੇ ਖੜ੍ਹੇ ਲੋਕਾਂ ਦੀ ਸ਼ਕਤੀ ਨੇ ਹੀ ਦੂਰ ਕਰਨਾ ਹੈ :

ਇਹ ਹਨ੍ਹੇਰਾ ਖਾ ਲਵੇਗਾ
ਕਿਸ ਤਰ੍ਹਾਂ ਚਾਨਣ ਦੇ ਬੀ
ਇਹ ਵੀ ਜੁਗਨੂੰ ਦਬਾ ਸਕਣ ਦਾ

ਜਿਸ ਵਿਚ ਦਮ ਨਹੀਂ। (ਹਾਸ਼ੀਏ ਉੱਤੇ ਖੜ੍ਹੇ ਹਾਂ)

ਹਾਸ਼ੀਏ ਉੱਤੇ ਖੜ੍ਹੇ ਲੋਕ ਅਸਲ ਵਿਚ ਉਹ ਕੇਂਦਰੀ ਸ਼ਕਤੀ ਹਨ, ਜਿਨਾਂ ਨੇ ਨਵ-ਨਿਰਮਾਣ ਕਰਕੇ 'ਚਾਨਣ ਦਾ ਪਰਚਮ' ਲਹਿਰਾਉਣਾ ਹੈ। ਸ਼ਿਵਨਾਥ ਇਨ੍ਹਾਂ ਨੂੰ 'ਸੂਰਮੇ' ਕਹਿੰਦਾ ਹੈ।

ਇਹ ਤਾਂ ਧਰਤੀ ਮਾਂ ਦੀ ਕੁੱਖੋਂ
ਕੱਢ ਲਿਆਉਂਦੇ ਨੇ
ਉਹ ਦੱਬੀਆਂ ਦੌਲਤਾਂ
ਉਮਰ ਭਰ ਵੀ ਖਰਚ ਕੇ
ਖਾਂਦਾ ਰਹੇ ਭਾਵੇਂ ਸਮਾਜ।

ਇਥੇ ਅਚੇਤ ਹੀ ਸ਼ਿਵਨਾਥ ਪ੍ਰਸਿੱਧ ਅਰਥਸ਼ਾਸਤਰੀ ਐਡਮ ਸਮਿੱਥ ਦੇ ਕਥਨ ਦੀ ਪ੍ਰੋੜ੍ਹਤਾ ਕਰਦਾ ਨਜ਼ਰ ਆਉਂਦਾ ਹੈ। All wealth of nation is created by human labour.

ਵਰਤਮਾਨ ਸਥਿਤੀਆਂ ਦੀ ਸਮਝ ਤੇ ਸੰਦਰਭ ਅਨੁਸਾਰ ਇਤਿਹਾਸਕ ਤੱਥਾਂ, ਮਿਥਹਿਾਸਕ ਕਥਾ-ਕਹਾਣੀਆਂ ਅਤੇ ਪਾਤਰਾਂ ਦੇ ਹਵਾਲੇ, ਇਨ੍ਹਾਂ ਉਪਰ ਕਾਵਿਕ ਟਿੱਪਣੀਆਂ ਅਤੇ ਇਨ੍ਹਾਂ ਦੀ ਵਿਵੇਚਨਾ ਸ਼ਿਵਨਾਥ ਦੀ ਕਵਿਤਾ ਨੂੰ ਦਾਰਸ਼ਨਿਕ ਕਵਿਤਾ ਬਣਾਉਂਦੀਆਂ ਹਨ ਕਿਉਂਕਿ ਪਰੰਪਰਾ ਤੇ ਇਤਿਹਾਸ ਦੋਹਾਂ ਨੂੰ ਸ਼ਿਵ ਇਕ ਪ੍ਰਸ਼ਨਵਾਚਕ ਦ੍ਰਿਸ਼ਟੀ ਤੋਂ ਸਮਝਦਾ ਤੇ ਵਿਵੇਚਿਤ ਕਰਦਾ ਹੈ। ਇਸ ਸਬੰਧ ਵਿਚ ਮੈਂ ਉਸਦੀ ਮਹਾਂਭਾਰਤ ਦੀ ਇਕ ਪਾਤਰ 'ਗਾਂਧਾਰੀ' ਉਪਰ ਲਿਖੀ ਕਵਿਤਾ ਦਾ ਵਿਸ਼ੇਸ਼ ਵਰਣਨ ਕਰਨਾ ਚਾਹਾਂਗੀ। ਸਾਡੀਆਂ ਜਨ-ਨਾਇਕਾਵਾਂ ਵਿਚੋਂ 'ਗਾਂਧਾਰੀ' ਤੇ ਉਸਦੀ ਵਿਥਿਆ ਨੂੰ ਹੁਣ ਤੱਕ ਲਗਭਗ ਅਣਗੌਲਿਆ ਹੀ ਕੀਤਾ ਜਾਂਦਾ ਰਿਹਾ ਹੈ। ਗਾਂਧਾਰੀ ਦਾ ਪਤੀ ਧ੍ਰਿਤਰਾਸ਼ਟਰ ਅੰਨਾ ਸੀ ਜਿਸਦੇ ਰਾਜਮਹਿਲਾਂ ਵਿਚ ਪਤਨੀ ਦੇ ਤੌਰ 'ਤੇ ਪ੍ਰਵੇਸ਼ ਕਰਨ ਬਾਅਦ ਗਾਂਧਾਰੀ ਨੇ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹ ਲਈ ਜਿਸਨੂੰ ਉਸਨੇ ਸਾਰੀ ਉਮਰ ਨਹੀਂ ਖੋਲ੍ਹਿਆ। ਇਸ ਘਟਨਾ ਪ੍ਰਤੀ ਹੁਣ ਤੱਕ ਦੀ ਸਮਝ 'ਗਾਂਧਾਰੀ' ਨੂੰ ਇਕ ਪਤੀਬਰਤਾ ਇਸਤਰੀ ਸਾਬਤ ਕਰਦੀ ਰਹੀ ਹੈ। ਪਰ ਸ਼ਿਵਨਾਥ ਨੇ ਇਸਨੂੰ ਇਕ ਨਵੇਂ ਤੇ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਸਮਝਿਆ ਤੇ ਵਿਵੇਚਿਤ ਕੀਤਾ ਹੈ। ਉਹ ਕਹਿੰਦਾ ਹੈ ਕਿ ਗਾਂਧਾਰੀ ਦਾ ਇਹ ਐਕਸ਼ਨ ਉਸਦੇ ਅੰਦਰਲੇ ਰੋਹ ਤੇ ਵਿਦਰੋਹ ਦਾ ਪ੍ਰਤੀਕਰਮ ਸੀ। ਜਿਸ ਰਾਹੀਂ ਉਹ ਦੱਸਣਾ ਚਾਹੁੰਦੀ ਸੀ ਕਿ ਉਹ ਇਕ ਹਾਰੇ ਹੋਏ ਰਾਜੇ ਦੀ ਮਜਬੂਰ ਧੀ ਸੀ, ਜਿਸਨੂੰ ਜ਼ਬਰਦਸਤੀ ਅੰਨ੍ਹੇ ਪਤੀ ਦੇ ਲੜ ਲਾਇਆ ਗਿਆ ਸੀ। ਜਦ ਉਸਨੂੰ ਆਪਣੀ ਪਸੰਦ ਦਾ ਜੀਵਨਸਾਥੀ ਹੀ ਨਹੀਂ ਮਿਲਿਆ ਤਾਂ ਰਾਜਮਹਿਲ ਤੇ ਐਸ਼ੋ ਇਸ਼ਰਿਤ ਦਾ ਹੋਰ ਸਮਾਨ ਉਸਦੇ ਕਿਸ ਕੰਮ :

ਮੈਂ ਕੀ ਕਰਨਾ ਸੀ



ਉਸ ਅੰਨ੍ਹੇ ਪਤੀ ਦੇ ਹਸਤਨਾਪੁਰ ਨੂੰ
ਜਾਂ ਉਸਦੇ ਚਮਚਮਾਂਦੇ ਤਾਜ ਨੂੰ
ਤੇ ਰਾਜ ਮਹਿਲਾਂ ਨੂੰ?
ਜਿਨ੍ਹਾਂ ਵਿਚ ਕਤਲ ਹੋ ਚੁੱਕਿਆ ਸੀ
ਮੇਰੀਆਂ ਕਾਮਨਾਵਾਂ ਦਾ
ਤੇ ਜਿੱਥੇ ਦਫ਼ਨ ਕਰ ਦਿੱਤੀ ਗਈ
ਦੁਨੀਆਂ ਖ਼ੁਆਬਾਂ ਦੀ
ਤੇ ਉਸ ਸੰਕਟ ਵਿਚ ਫਾਥੀ ਨੇ
ਮੈਂ ਅੱਖਾਂ ਬੰਦ ਕਰ ਲਈਆਂ
ਤੇ ਉਹ ਪੀੜਾਂ ਵੀ ਜਰ ਲਈਆਂ
ਜੋ ਇਕ ਹਾਰੇ ਹੋਏ ਰਾਜੇ ਦੀ
ਧੀ ਦੀ ਮਜਬੂਰੀ ਸਨ। (ਗਾਂਧਾਰੀ)

ਸ਼ਿਵਨਾਥ ਦੀ ਕਵਿਤਾ ਦਾ ਬਿਆਨ ਢੰਗ ਸਹਿਜ, ਸਿੱਧਾ ਤੇ ਸਪੱਸ਼ਟ ਹੈ। ਆਪਣੀ ਗੱਲ ਕਹਿਣ ਲਈ ਉਹ ਕਿਤੇ ਵੀ ਗੁੰਝਲਦਾਰ ਪ੍ਰਤੀਕ ਨਹੀਂ ਵਰਤਦਾ, ਬੁਝਾਰਤਾਂ ਨਹੀਂ ਪਾਉਂਦਾ। ਸ਼ਿਵਨਾਥ ਦਾ ਸੰਬੋਧਨ ਬਿਲਕੁਲ ਨਿਰਅੱਖਰ ਜਾਂ ਬਹੁਤ ਘੱਟ ਪੜ੍ਹੇ ਭੰਬਲਭੂਸਿਆਂ ਦੇ ਸ਼ਿਕਾਰ ਉਸ ਮਿਹਨਤਕਸ਼ ਇਨਸਾਨ ਨੂੰ ਹੈ ਜਿਸਨੂੰ ਉਸੇ ਦੀ ਭਾਸ਼ਾ ਵਿਚ ਗੱਲ ਸਮਝਾਉਣੀ ਪੈਂਦੀ ਹੈ। ਇਹ ਭਾਸ਼ਾ ਖਰ੍ਹਵੀ ਤਾਂ ਹੋ ਸਕਦੀ ਹੈ ਪਰ ਅਸ਼ਿਸ਼ਟ ਨਹੀਂ। ਇਸ ਬਾਰੇ ਉਹ ਚੇਤੰਨ ਹੈ ਤੇ ਆਪਣੀ ਪੁਸਤਕ ਮੈਂ ਦੀਵੇ ਕਿਸ ਤਰ੍ਹਾਂ ਬਾਲਾਂ ਵਿਚਲੀ ਇਕ ਕਵਿਤਾ 'ਪਹਿਰੇਦਾਰ' ਵਿਚ ਉਹ ਇਸ ਦਾ ਕਾਰਨ ਦੱਸਦਾ ਹੈ :

ਮੈਂ ਨਹੀਂ ਕਾਸ਼ੀ ਤੋਂ ਪੜ੍ਹ ਕੇ ਪਰਤਿਆ
ਨਾ ਮਹਾਂ ਵਿਦਿਆਲਿਆਂ ਤੋਂ
ਲੈ ਕੇ ਆਇਆ ਹਾਂ ਗਿਆਨ
ਮੈਂ ਤਾਂ ਇਕ ਸਿੱਧਾ ਜਿਹਾ
ਇਨਸਾਨ ਹਾਂ
ਸਮਝਿਐ ਜਾਂਦੇ
ਜੋ ਅਕਸਰ ਹੀ
ਗਵਾਰ
ਕਿਸ ਤਰ੍ਹਾਂ ਬੋਲੇਗਾ ਇਕ
ਪੇਂਡੂ ਕਿਸਾਨ
ਵੇਖ ਕੇ ਪੈਂਦਾ ਉਜਾੜਾ

ਖੇਤ ਨੂੰ
ਤੇ ਕਿਵੇਂ ਬੋਲੇਗਾ ਪਹਿਰੇਦਾਰ
ਅੱਧੀ ਰਾਤ ਨੂੰ
ਸੌਂ ਗਿਐ ਹੁੰਦੈ ਜਦੋਂ ਸਾਰਾ ਜਹਾਨ। (ਪਹਿਰੇਦਾਰ)

ਲੁੱਟੇ ਜਾ ਰਹੇ ਕਿਸਾਨ-ਕਾਮੇ ਅਤੇ ਲੋਕਾਂ ਨੂੰ ਜਾਗਦੇ ਰਹਿਣ ਦਾ ਹੋਕਾ ਦੇਣ ਵਾਲੇ ਪਹਿਰੇਦਾਰ ਦੀ ਭਾਸ਼ਾ ਇਸੇ ਤਰ੍ਹਾਂ ਦੀ ਉੱਚੀ ਸੁਰ ਵਾਲੀ ਹੀ ਹੁੰਦੀ ਹੈ।

ਅਸਲ ਵਿਚ ਸ਼ਿਵਨਾਥ ਦੀ ਕਵਿਤਾ ਵਿਚ ਉਹ ਗੁਣ ਹੈ ਜਿਸ ਬਾਰੇ ਚੀਨ ਦੇ ਇਨਕਲਾਬ ਤੋਂ ਬਾਅਦ 1950 ਵਿਚ ਹੋਈ ਲੇਖਕਾਂ ਤੇ ਕਲਾਕਾਰਾਂ ਦੀ ਪਹਿਲੀ ਸਰਵ-ਚੀਨ ਕਾਨਫਰੰਸ (First All China Conference of Writers and Artists) ਵਿਚ ਚੀਨੀ ਲੇਖਕ ਚਾਓ ਯਾਂਗ ਨੇ ਕਿਹਾ ਸੀ।

Literature has now become an effective tool for educating masses and cadres, and a work which is entirely responsible to people.

(The People's New Literature P. 91-92)

(ਸਾਹਿਤ ਹੁਣ ਸਰਵਹਾਰਾ ਤੇ ਪਾਰਟੀ ਰੰਗਰੂਟਾਂ ਨੂੰ ਸਿੱਖਿਅਤ ਕਰਨ ਲਈ ਬੜਾ ਅਸਰਦਾਇਕ ਹਥਿਆਰ ਬਣ ਗਿਆ ਹੈ, ਅਜਿਹਾ ਕੰਮ ਜਿਹੜਾ ਸਮੁੱਚੇ ਲੋਕਾਂ ਲਈ ਜੁਆਬਦੇਹ ਹੈ।)

ਭਾਰਤ ਵਿਚ ਇਨਕਲਾਬ ਅਜੇ ਤੱਕ ਨਹੀਂ ਆਇਆ ਪਰ ਅਜਿਹਾ ਸਾਹਿਤ ਇਨਕਲਾਬ ਲਿਆਉਣ ਲਈ ਵਾਹਣ ਜ਼ਰੂਰ ਬਣ ਸਕਦਾ ਹੈ, ਕਿਉਂਕਿ ਇਸਦੀ ਅਪੀਲ ਸਿੱਧੀ ਲੋਕਾਂ ਤੱਕ ਹੈ। ਇਸੇ ਲਈ ਕਵੀ ਸ਼ਿਵਨਾਥ ਅੰਦਰਲਾ ਪਹਿਰੇਦਾਰ ਹੋਕਾ ਦਿੰਦਾ ਹੈ:

ਪੱਤਣ ਖਾ ਲਏ ਬੇੜੀਆਂ, ਪਾਣੀਆਂ ਨੇ ਦਰਿਆ
ਉੱਠ ਵੇ ਲੋਕਾਂ ਸੁੱਤਿਆ, ਤੂੰ ਕਿਸ ਦਾ ਕਰੇਂ ਵਿਸਾਹ। •

ਮੋਬਾਇਲ - 09501001396



ਪੁਸਤਕ ਚਰਚਾ :

# ਸਵੈ ਦੇ ਤਲਾਸ਼ ਦੀ ਸ਼ਾਇਰੀ : ਜੜ੍ਹਾਂ ਤੋਂ ਚੋਰੀ

- ਜਸਵਿੰਦਰ ਸਿੰਘ ਸੈਣੀ (ਡਾ.)

ਜਗਤਾਰ ਸੇਖਾ 1993 ਵਿਚ 'ਰਿਸ਼ਤਿਆਂ 'ਚ ਘਿਰੀ ਤਨਹਾਈ' ਗ਼ਜ਼ਲ ਸੰਗ੍ਰਹਿ ਨਾਲ ਪੰਜਾਬੀ ਕਵਿਤਾ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਇਸ ਤੋਂ ਪਹਿਲਾਂ ਅਤੇ ਪਿੱਛੋਂ ਉਸ ਦੀਆਂ ਗ਼ਜ਼ਲਾਂ ਪੰਜਾਬੀ ਦੇ ਮੈਗ਼ਜੀਨਾਂ, ਅਖ਼ਬਾਰਾਂ ਅਤੇ ਮੁਸ਼ਾਇਰਿਆਂ ਵਿਚ ਆਮ ਪੜ੍ਹਨ-ਸੁਣਨ-ਗੂੰਜਣ ਲੱਗਦੀਆਂ ਹਨ। ਪਹਿਲੀ ਗ਼ਜ਼ਲ-ਪੁਸਤਕ ਨਾਲ ਉਹ ਆਪਣੀ ਸੰਵੇਦਨਾ ਵਿਚਲੀ ਟੁੱਟ-ਭੱਜ ਨੂੰ ਸ਼ਬਦਾਂ ਦੇ ਮਾਧਿਅਮਾਂ ਰਾਹੀਂ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਪੰਜਾਬੀ ਗ਼ਜ਼ਲ ਨੂੰ ਕੁਝ ਨਵੇਂ ਅਹਿਸਾਸਾਂ ਨਾਲ ਸਰਸ਼ਾਰ ਕਰਦਾ ਹੈ। ਇਹ ਪੁਸਤਕ ਵਿਚ ਜਗਤਾਰ ਸੇਖਾ ਆਪਣੀ ਰਚਨਾ ਬਾਰੇ ਕੁਝ ਸ਼ਬਦ ਪਾਠਕਾਂ ਨਾਲ ਸਾਂਝੇ ਕਰਦਿਆਂ ਲਿਖਦਾ ਹੈ ਕਿ 'ਮੈਂ ਆਪਣੇ ਮਨ ਦੀ ਸੰਵੇਦਨਾ ਨੂੰ ਸ਼ਬਦਾਂ ਨਾਲ ਚਿਤਰਨ ਦੇ ਯਤਨ ਵਿਚ ਹਾਂ। ਮੈਨੂੰ ਇਹ ਵੀ ਅਹਿਸਾਸ ਹੈ ਕਿ ਜੋ ਸਿਰਜਣਾ 'ਚ ਮੈਂ ਲੱਗਿਆ ਹਾਂ, ਸ਼ਾਇਦ ਕਦੇ ਮੁਕੰਮਲ ਨਾ ਹੋ ਸਕੇ। ਕਿਉਂਕਿ ਸੰਵੇਦਨਾ ਦੇ ਨਕਸ਼ ਦਿਨੋਂ ਦਿਨ ਹੋਰ ਗੁੰਝਲਦਾਰ ਹੋ ਰਹੇ ਹਨ। ਸੰਵੇਦਨਾ ਅਤੇ ਭਾਸ਼ਾ ਵਿਚਲੇ ਦਵੰਧਮਈ ਰਿਸ਼ਤੇ ਨੂੰ ਸਮਝਦਿਆਂ ਜਗਤਾਰ ਆਪਣੀ ਇਸ ਪੁਸਤਕ ਵਿਚ ਆਪਣੀ ਸਾਹਿਤ ਸਮਰੱਥਾ ਦਾ ਪਰੀਚੈ ਦਿੰਦਾ ਹੈ। 2012 ਈ. ਵਿਚ ਛਪੀ ਉਸਦੀ ਦੂਜੀ ਗ਼ਜ਼ਲ-ਪੁਸਤਕ 'ਜੜ੍ਹਾਂ ਤੋਂ ਚੋਰੀ' ਉਸਦੀ ਗ਼ਜ਼ਲ-ਸੰਵੇਦਨਾ ਦਾ ਅਗਲਾ ਪੜਾਅ ਬਣਦੀ ਪ੍ਰਤੀਤ ਹੁੰਦੀ ਹੈ। ਇਹ ਪੁਸਤਕ ਜਿੱਥੇ ਇਕ ਪਾਸੇ ਪਹਿਲੀ ਪੁਸਤਕ ਦੇ ਕਾਵਿ ਪੈਰਾਡਾਇਮ ਨੂੰ ਅਗਾਂਹ ਤੋਰਨ ਦਾ ਸਬੱਬ ਬਣਦੀ ਹੈ, ਉਥੇ ਇਸ ਵਿਚ ਹਰ ਖ਼ਿਆਲਾਂ/ਵਿਚਾਰਾਂ ਨੂੰ ਪੂਰੀ ਸ਼ਿੱਦਤ ਨਾਲ ਪੇਸ਼ ਕਰਨ ਦੀ ਸੇਖਾ ਦੀ ਮਿਹਨਤ ਅਤੇ ਸ਼ਿੱਦਤ ਆਪਣਾ ਨਵਾਂ ਰੰਗ ਲੈ ਕੇ ਹਾਜ਼ਰ ਹੁੰਦੀ ਹੈ। ਇੰਝ ਉਸਦੀ ਗ਼ਜ਼ਲਗੋਈ ਕੋਈ ਪੱਚੀ ਸਾਲਾਂ ਵਿਚ ਫੈਲਿਆ ਹੋਇਆ ਇਕ ਸਿਰਜਨਾਤਮਕ ਵਰਤਾਰਾ ਹੈ, ਜਿਸ ਨੂੰ ਸਮਝਣਾ ਅਤੇ ਮੁਲਾਂਕਣ ਕਰਨਾ ਇਕ ਪੇਪਰ ਵਿਚ ਸੰਭਵ ਨਹੀਂ। ਗ਼ਜ਼ਲ ਵੈਸੇ ਵੀ ਇਕ ਅਜਿਹੀ ਸਿਨਫ਼ ਹੈ, ਜਿਸਦੇ ਸ਼ਿਅਰਾਂ ਅੰਦਰ ਅਰਥਾਂ ਦੀਆਂ ਕਈ ਪਰਤਾਂ ਸਮੋਈਆਂ ਹੁੰਦੀਆਂ ਹਨ ਅਤੇ ਇਸਦੇ ਪਾਠ ਦੀਆਂ ਅਨੰਤ ਵਿਆਖਿਆਵਾਂ ਹੋ ਸਕਦੀਆਂ ਹਨ। ਇਸ ਦੀਆਂ ਰਮਜ਼ਾਂ-ਇਸ਼ਾਰਿਆਂ ਨੂੰ ਆਮ ਪਾਠਕ ਵਾਂਗ ਸਮਝ ਕੇ ਮੈਂ ਵੀ ਇਸ ਪੇਪਰ ਵਿਚ 'ਜੜ੍ਹਾਂ ਤੋਂ ਚੋਰੀ' ਪੁਸਤਕ ਦੇ ਹਵਾਲੇ ਨਾਲ ਜਗਤਾਰ ਸੇਖਾ ਦੀਆਂ ਗ਼ਜ਼ਲਾਂ ਬਾਰੇ ਸਮਾਨਯ ਰੂਪ ਵਿਚ ਕੁਝ ਗੱਲਾਂ / ਕੁਝ ਤੱਥ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਗ਼ਜ਼ਲ ਇਕ ਲਘੂ ਕਾਵਿ ਰੂਪ ਹੈ। ਇਸ ਦਾ ਹਰ ਸ਼ਿਅਰ ਮੁਕਤ ਅਤੇ ਮੁਕੰਮਲ ਕਾਵਿ-ਸੰਸਾਰ ਦੀ ਸਿਰਜਣਾ ਕਰਦਾ ਹੈ। ਇਸ ਵਿਚ ਪੇਸ਼ ਖ਼ਿਆਲ ਬਿਰਤਾਂਤ-ਮੁਕਤ

ਨਿੱਜੀਕਰਨ ਅਤੇ ਮਨੁੱਖੀ ਆਜ਼ਾਦੀ ਅਤੇ ਮਾਨਵ-ਮੁਕਤੀ ਬਾਰੇ ਸੋਚਣ ਵਾਲੀਆਂ ਧਿਰਾਂ ਚਿੰਤਨ ਅਤੇ ਪੁਨਰ-ਚਿੰਤਨ ਦੀ ਪ੍ਰਕਿਰਿਆ ਵਿਚ ਮੁੜ ਕਾਲਜਸ਼ੀਲ ਹੁੰਦੀਆਂ ਹਨ। ਪੰਜਾਬ ਸੰਕਟ ਤੋਂ ਬਾਅਦ ਦੇ ਇਸ ਸਮੇਂ ਵਿਚ ਗਿਆਨ, ਦਰਸ਼ਨ ਅਤੇ ਸਿਰਜਨਾਤਮਿਕਤਾ ਵਿਚ ਇਕ ਵੱਡੀ ਤਬਦੀਲੀ ਵਾਪਰਦੀ ਹੈ। ਬਾਜ਼ਾਰ ਜਾਂ ਮੰਡੀ ਹਰ ਚੀਜ਼ ਅਤੇ ਵਰਤਾਰੇ ਨੂੰ ਇਕ ਵਿਕਣਯੋਗ ਵਸਤੂ ਵਿਚ ਤਬਦੀਲ ਕਰ ਦਿੰਦੀ ਹੈ। ਗ਼ਜ਼ਲ ਵਿਚ ਇਨ੍ਹਾਂ ਤਬਦੀਲੀਆਂ ਦੀਆਂ ਪ੍ਰਤਿ-ਧੁਨੀਆਂ ਨੂੰ ਮਹਿਸੂਸ ਕਰਨ ਅਤੇ ਇਸਨੂੰ ਯੋਗ ਪ੍ਰਗਟਾਅ ਦੇਣ ਵਾਲੇ ਗ਼ਜ਼ਲਕਾਰਾਂ ਵਿਚ ਜਗਤਾਰ ਸੇਖਾ ਦਾ ਨਾਂ ਖ਼ਾਸ ਹੈ। ਉਸਨੇ ਆਪਣੀਆਂ ਗ਼ਜ਼ਲਾਂ ਵਿਚ ਬਜ਼ਾਰ ਦੇ ਵਰਤਾਰੇ, ਚੀਜ਼ਾਂ-ਵਸਤਾਂ ਦੀ ਲਾਲਸਾ ਅਤੇ ਬੰਦੇ ਦੀ ਮਾਨਸਿਕਤਾ ਨੂੰ ਇਕ ਲਕੀਰ ਵਿਚ ਰੱਖਕੇ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਬੰਦਾ, ਬਜ਼ਾਰ ਅਤੇ ਵਸਤਾਂ ਉਸ ਦੀ ਗ਼ਜ਼ਲ ਵਿਚ ਵਾਰ-ਵਾਰ ਦੁਹਰਾਏ ਜਾਣ ਵਾਲੇ ਚਿਹਨ ਹਨ। ਸ਼ਿਅਰਾਂ ਵਿਚ ਪੇਸ਼ ਕੁਝ ਕਾਵਿਕ ਵੇਰਵੇ ਇਨ੍ਹਾਂ ਮਾਨਵੀ ਸਥਿਤੀਆਂ ਦੇ ਬੜੇ ਹੀ ਮਾਰਮਿਕ ਬਿੰਬ ਸਾਕਾਰ ਕਰਦੇ ਹਨ। ਇਨ੍ਹਾਂ ਅਨੁਸਾਰ ਬਾਜ਼ਾਰ ਹਰ ਸ਼ਹਿਰ, ਹਰ ਘਰ, ਹਰ ਮਨ ਵਿਚ ਘੁਸਪੈਠ ਕਰ ਚੁੱਕਾ ਹੈ। ਬਜ਼ਾਰ ਨੇ ਸਾਡੀਆਂ ਬੁਨਿਆਦੀ ਜ਼ਰੂਰਤਾਂ ਨੂੰ ਪਾਸੇ ਕਰਕੇ ਵਿਲਾਸਮਈ ਚੀਜ਼ਾਂ-ਵਸਤਾਂ ਲਈ ਇਕ ਮੈਟਾਫੌਰਿਕ ਕੀਮਤ ਅਤੇ ਚਾਹਤ ਪੈਦਾ ਕੀਤੀ ਹੈ, ਜਿਹੜੀ ਸਾਨੂੰ ਇਨ੍ਹਾਂ ਦੇ ਇਕੱਤਰੀਕਰਨ ਦੇ ਖਬਤ ਵਿਚ ਪਾ ਕੇ ਇਨ੍ਹਾਂ ਦਾ ਉਪਭੋਗ ਕਰਨ ਲਈ ਮਜ਼ਬੂਰ ਕਰ ਦਿੰਦੀ ਹੈ। ਬਾਜ਼ਾਰ ਬੰਦੇ ਦੀ ਪਿਆਸ ਨੂੰ ਚਮਕਾਉਂਦਾ ਹੈ, ਮਿਟਾਉਂਦਾ ਨਹੀਂ। ਸੇਖਾ ਮਨੁੱਖ ਦੀ ਇਨ੍ਹਾਂ ਵਸਤਾਂ ਲਈ ਚਾਹਤ ਨੂੰ ਬਾਖ਼ੂਬੀ ਸਮਝਦਾ ਹੈ ਅਤੇ ਇਸ ਚਾਹਤ ਦੀ ਪੂਰਤੀ ਲਈ ਲੱਗੀ ਹੋੜ ਨੂੰ ਵੀ। ਉਹ ਵਸਤਾਂ ਨੂੰ ਇਸ ਕਦਰ ਤਰਜੀਹ ਅਤੇ ਕੀਮਤ ਦੇਣ ਦੇ ਵਿਰੋਧ ਵਿਚ ਹੈ। ਉਹ ਮਨੁੱਖ ਦੀਆਂ ਅੱਖਾਂ ਨੂੰ ਚੁੰਧਿਆ ਦੇਣ ਵਾਲੀਆਂ ਇਨ੍ਹਾਂ ਚਮਕੀਲੀਆਂ ਚੀਜ਼ਾਂ-ਵਸਤਾਂ ਦੀ ਰੰਗੀਨੀ ਵਿਚ ਮਨੁੱਖ ਵਿਚੋਂ ਮਨੁੱਖਪਨ ਦੇ ਮਰਨ ਦੀ ਖ਼ੌਫ਼ਜ਼ਦਾ ਤਸਵੀਰ ਵੀ ਉਘਾੜਦਾ ਹੈ। ਸੇਖਾ ਇਸ ਬਜ਼ਾਰ ਵਿਚ ਆਮ ਬੰਦੇ ਦੇ ਸਹਿਮੇ ਅਤੇ ਡਰੇ ਹੋਏ ਬਿੰਬ ਵੀ ਪੇਸ਼ ਕਰਦਾ ਹੈ ਅਤੇ ਵਸਤੂਆਂ ਵਿਚ ਭਟਕ ਰਹੀ ਵਿਰਾਨ ਅੱਖ ਨੂੰ ਗ਼ਜ਼ਲ-ਦ੍ਰਿਸ਼ ਵਿਚ ਫਰੀਜ਼ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ। ਉਹ ਬਾਜ਼ਾਰ ਦੁਆਰਾ ਬੰਦੇ ਦੀ ਸੋਚ ਅਤੇ ਨਜ਼ਰ ਨੂੰ ਕਾਬੂ ਕਰਨ ਵਾਲੀ ਸੋਚ ਪ੍ਰਤੀ ਵੀ ਸੁਚੇਤ ਹੈ :

ਸ਼ਹਿਰਾਂ ਦਾ ਇਸ ਹੱਦ ਤੱਕ ਵਿਸਤਾਰ ਹੋ ਗਿਆ ਹੈ।
ਹੁਣ ਤਾਂ ਹਰੇਕ ਘਰ ਹੀ ਬਜ਼ਾਰ ਹੋ ਗਿਆ ਹੈ।
(ਪੰਨਾ - 30)

ਦਿਲ ਅਤੇ ਰੂਹ ਸ਼ਹਿਰ ਦੀ ਹੀ ਚਮਕ ਵਿਚ ਸਹਿਮੇ ਹੋਏ,
ਹੁਣ ਤਾਂ ਹਰ ਇਕ ਜਿਸਮ ਅੰਦਰ ਧੜਕਦਾ ਬਾਜ਼ਾਰ ਹੈ।
(ਪੰਨਾ - 85)



ਨਜ਼ਰ ਵੀ, ਤੇ ਸਫ਼ਰ ਵੀ, ਸੋਚ ਵੀ ਬਾਜ਼ਾਰ ਦਿੰਦਾ ਹੈ।
ਇਉਂ ਇਨਸਾਨ ਨੂੰ ਹਰ ਦਿਨ ਨਵਾਂ ਕਿਰਦਾਰ ਦਿੰਦਾ ਹੈ।
(ਪੰਨਾ - 81)

ਵਿਕਾਸ ਇਹ ਕਿਸ ਤਰ੍ਹਾਂ ਦਾ, ਵਸਤੂਆਂ ਖ਼ੁਦ ਜੀਣ ਬੰਦੇ ਨੂੰ,
ਜੇ ਵਿਕਸਤ ਵਸਤੂਆਂ ਕਰੀਆਂ ਨੇ, ਖ਼ੁਦ ਇਨਸਾਨ ਵੀ ਹੋਵੇ।
(ਪੰਨਾ - 86)

ਗੁਜ਼ਰ ਜਾਏਗਾ ਜੀਵਨ ਬਸ ਇਹਨਾਂ ਦੀ ਪੂਰਤੀ ਖ਼ਾਤਿਰ,
ਜੋ ਨਵੀਆਂ ਲਾਲਸਾਵਾਂ ਰੋਜ਼ ਹੀ ਬਜ਼ਾਰ ਦਿੰਦਾ ਹੈ।
(ਪੰਨਾ - 81)

ਜਗਤਾਰ ਸੇਖਾ ਦੀਆਂ ਗ਼ਜ਼ਲਾਂ ਦਾ ਇਕ ਹੋਰ ਪਹਿਲੂ ਸਮਾਜਿਕ ਮਰਿਯਾਦਾ ਦੇ ਮਨੁੱਖੀ ਸਵੈ ਨਾਲ ਤਿੱਖੇ ਵਿਰੋਧਾਂ ਨੂੰ ਪੇਸ਼ ਕਰਦਾ ਹੈ। ਸਮਾਜਿਕ ਨੇਮਾਂ ਦਾ ਜਕੜ-ਜਾਲ ਬੰਦੇ ਦੇ ਸਵੈ ਨੂੰ ਕਈ ਜਾਵੀਆਂ ਤੋਂ ਨਿਯੰਤਰਣ ਹੇਠ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਸਮਾਜ ਦੇ ਬਣੇ ਰਹਿਣ ਅਤੇ ਵਿਕਾਸ ਕਰਨ ਵਿਚ ਇਨ੍ਹਾਂ ਨਿਯਮਾਂ-ਵਿਧਾਨਾਂ ਦਾ ਬੜਾ ਅਹਿਮ ਰੋਲ ਹੁੰਦਾ ਹੈ ਪਰ ਕਈ ਵਾਰੀ ਇਹ ਨਿਯਮ ਬੰਦੇ ਦੀ ਆਜ਼ਾਦੀ ਲਈ ਬਾਧਾ ਬਣਦੇ ਹਨ ਅਤੇ ਉਸਨੂੰ ਆਪਣੇ ਅਨੁਸਾਰ ਜ਼ਿੰਦਗੀ ਜਿਊਣ ਤੋਂ ਰੋਕਦੇ ਹਨ। ਉਸਦੇ ਮਨ ਦੇ ਗੀਤ ਕਿਤੇ ਗੁਆਚ ਜਾਂਦੇ ਹਨ ਅਤੇ ਦਿਲ ਦੀ ਦੁਨੀਆਂ ਸੀਨੇ ਵਿਚ ਦਫ਼ਨ ਹੋ ਕੇ ਰਹਿ ਜਾਂਦੀ ਹੈ। ਇਨ੍ਹਾਂ ਸੰਸਕਾਰਾਂ ਦੀ ਪੀਡੀ ਜਕੜ ਦਾ ਬੰਦੇ 'ਤੇ ਕਈ ਵਾਰ ਇੰਨਾ ਅਸਰ ਹੁੰਦਾ ਹੈ ਕਿ ਉਸ ਵਿਚੋਂ ਆਦਮੀਅਤ ਖ਼ਾਰਿਜ ਹੋ ਜਾਂਦੀ ਹੈ। ਇੰਝ ਸੱਤਾ ਬੰਦੇ ਦਾ ਇਸ ਤਰ੍ਹਾਂ ਸਮਾਜੀਕਰਨ ਕਰਦੀ ਹੈ ਕਿ ਉਹ ਅੰਦਰ ਦੀ ਆਵਾਰਗੀ ਨੂੰ ਸੁਣਨਾ ਛੱਡ ਆਪਣੇ ਨਿਯਮਾਂ-ਅਸੂਲਾਂ ਦੀ ਰੱਟ ਲਾਉਣ ਲੱਗ ਪੈਂਦਾ ਹੈ। ਬੰਦੇ ਵਿਚੋਂ ਬੰਦਾ ਕਿਤੇ ਗੁਆਚ ਜਾਂਦਾ ਹੈ। ਉਸਦੇ ਸੁਪਨੇ, ਰੀਝਾਂ ਅਤੇ ਮਨ ਵਿਚ ਦਬੀਆਂ ਪਈਆਂ ਖ਼ਾਹਿਸ਼ਾਂ ਹਾਸ਼ੀਏ 'ਤੇ ਚਲੀਆਂ ਜਾਂਦੀਆਂ ਹਨ। ਜਗਤਾਰ ਸੇਖਾ ਦੀਆਂ ਗ਼ਜ਼ਲਾਂ ਵਿਚ ਮਨ ਦੀ ਇਸ ਛਟਪਟਾਹਟ ਦੀਆਂ ਉਦਾਹਰਣਾਂ ਆਮ ਮਿਲ ਜਾਂਦੀਆਂ ਹਨ :

ਸਮਾਜ ਅੰਦਰ ਕਿਹਾ ਜਾਂਦਾ ਹੈ ਜਿਸਨੂੰ ਜ਼ਿੰਦਗੀ ਮੇਰੀ,
ਨਾ ਮੇਰਾ ਚਾਅ ਕੋਈ ਇਸ ਵਿਚ ਨਾ ਮੇਰਾ ਫੈਸਲਾ ਕੋਈ।
(ਪੰਨਾ -83)

ਕਿਸੇ ਪਲ ਤਾਂ ਇਹ ਦੁਨੀਆਂ ਹੋਂਦ ਮੇਰੀ 'ਚੋਂ ਨਫ਼ੀ ਹੋਵੇ।
ਕਦੇ ਤਾਂ ਜ਼ਿੰਦਗੀ ਸਾਰੀ ਦੀ ਸਾਰੀ ਆਪਣੀ ਹੋਵੇ।
(ਪੰਨਾ - 86)

ਇਹੀ ਤਾਂ ਸੱਭਿਅਤਾ ਹੈ, ਇਹੀ ਤਾਂ ਹੈ ਸਲੀਕਾ,
ਚਿਹਤੇ ਤੋਂ ਸ਼ਾਂਤ ਦਿਸਣਾ, ਧਰਕੇ ਤੂਫ਼ਾਨ ਅੰਦਰ।
(ਪੰਨਾ - 36 )

ਸੁਣੇਂਗਾ ਕਦੋਂ ਆਪਣੇ ਅੰਦਰ ਉਤਰ ਕੇ,
ਜੋ ਚੁੱਪ ਹੋ ਗਏ ਗੀਤ ਦੁਨੀਆਂ ਤੋਂ ਡਰ ਕੇ।
(ਪੰਨਾ - 75)

ਜੀਵਨ ਦੀ ਪਰਤ-ਪਰਤ ਨੂੰ ਜੀਣਾ ਜੇ ਲੋਚਦੈਂ,
ਹਰ ਸੋਚ ਤੋਂ ਸਮਾਜ ਦੇ ਵਸਤਰ ਉਤਾਰ ਚਲ।
(ਪੰਨਾ - 57)

ਮਰਿਆਦਾ ਦਾ ਇਹ ਵਿਰੋਧ ਜਗਤਾਰ ਸੇਖਾ ਦੀਆਂ ਗ਼ਜ਼ਲਾਂ ਵਿਚ ਕਈ ਰੂਪਾਂ ਰਾਹੀਂ ਪ੍ਰਗਟ ਹੁੰਦਾ ਹੈ। ਪਰੰਪਰਕ ਰਿਸ਼ਤਿਆਂ ਪ੍ਰਤੀ ਅਵਿਸ਼ਵਾਸ ਦੀ ਭਾਵਨਾ, ਘਰ ਦੀ ਸੰਸਥਾ ਦਾ ਟੁੱਟਣਾ, ਸਫ਼ਰ, ਰਸਤਾ ਅਤੇ ਆਵਾਰਗੀ ਦਾ ਜ਼ਿੰਦਗੀ ਲਈ ਹਾਸਿਲ ਹੋਣਾ, ਮਹਿਬੂਬ ਦੀ ਚਾਹਤ, ਪਲ-ਛਿਲ ਦੀ ਖ਼ੁਸ਼ੀ ਅਤੇ ਓਹਲੇ ਵਿਚ ਵਰਜਿਤ ਰਿਸ਼ਤਿਆਂ ਨੂੰ ਮਾਨਣਾ ਆਦਿ ਭਾਵ ਇਸੇ ਮੂਲ ਨੁਕਤੇ ਤੋਂ ਪ੍ਰੇਰਣਾ ਲੈਂਦੇ ਹਨ। ਸੋ, ਜਗਤਾਰ ਸੇਖਾ ਦੀਆਂ ਗ਼ਜ਼ਲਾਂ ਦਾ ਅਗਲਾ ਉਘੜਵਾਂ ਪੱਖ 'ਘਰ' ਨਾਲ ਜੁੜਿਆ ਹੋਇਆ ਹੈ। ਪਰੰਪਰਕ ਸੋਚ-ਪ੍ਰਬੰਧ ਵਿਚ ਘਰ ਇਕ ਅਜਿਹੀ ਸਪੇਸ ਹੈ, ਜਿੱਥੇ ਮਰਦ-ਔਰਤ ਆਪਣੇ ਪੁਰਖਿਆਂ ਦੇ ਸੰਸਕਾਰਾਂ ਨੂੰ ਨਿਭਾਉਂਦੇ ਹੋਏ ਇਕ 'ਸੰਤੁਲਿਤ ਜ਼ਿੰਦਗੀ' ਬਸਰ ਕਰਦੇ ਹਨ। ਪਰ ਪੂੰਜੀ, ਉਪਭੋਗਤਾ ਅਤੇ ਬਾਜ਼ਾਰ ਨੇ ਘਰ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ। ਹੁਣ ਇਹ ਇਕ ਅਜਿਹੀ ਜਗ੍ਹਾ ਹੈ, ਜਿਸ ਵਿਚ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਇਥੇ ਦੋ ਹੋਂਦਾਂ ਆਪਸ ਵਿਚ ਟਕਰਾਉਂਦੀਆਂ ਹਨ। ਘਰ ਬੰਦੇ ਦਾ ਹੌਲੀ-ਹੌਲੀ ਸਮਾਜੀਕਰਨ ਕਰਦਾ ਹੈ। ਇਸ ਸਮਾਜੀਕਰਨ ਵਿਚ ਬੰਦੇ ਦੀ ਆਜ਼ਾਦੀ ਹੌਲੀ-ਹੌਲੀ ਪਿਤਾ-ਪੁਰਖੀ ਸਤਾ ਦੇ ਅਧੀਨ ਆਉਂਦੀ ਜਾਂਦੀ ਹੈ। ਸੇਖਾ ਲਈ ਘਰ ਇਕ ਨਾ-ਮੁਕੰਮਲ/ ਅਪੂਰਨ ਜ਼ਿੰਦਗੀ ਦਾ ਚਿਹਨ ਹੈ। ਘਰ ਵਿਚ ਬੰਦੇ ਦੇ ਤਨ ਮਨ ਨੂੰ ਇਸ ਤਰ੍ਹਾਂ ਕੰਟਰੋਲ ਕੀਤਾ ਜਾਂਦਾ ਹੈ ਕਿ ਉਹ ਇਸ ਤੋਂ ਸੁਤੰਤਰ ਹੋ ਕੇ ਵੀ ਇਸ ਤੋਂ ਮਾਨਸਿਕ ਰੂਪ ਵਿਚ ਮੁਕਤ ਨਹੀਂ ਹੁੰਦਾ। ਸੇਖਾ ਘਰ ਅਤੇ ਮਕਾਨ ਦੇ ਫਰਕ ਤੋਂ ਜਾਣੂ ਹੈ। ਉਹ ਉੱਚੀਆਂ ਉਸਾਰੀਆਂ ਇਮਾਰਤਾਂ ਨੂੰ ਘਰ ਨਹੀਂ ਕਹਿੰਦਾ, ਮਕਾਨ ਕਹਿੰਦਾ ਹੈ। ਇਹ ਮਕਾਨ ਬੰਦੇ ਦੀਆਂ ਰੀਝਾਂ ਅਤੇ ਸੁਪਨਿਆਂ ਨੂੰ ਕੰਧਾਂ ਵਿਚ ਕੈਦ ਕਰ ਲੈਂਦਾ ਹੈ। ਜਿਉਂ ਜਿਉਂ ਇਹ ਮਕਾਨ ਪੱਕੇ ਹੋਈ ਗਏ ਹਨ, ਬੰਦਾ ਅੰਦਰੋਂ-ਅੰਦਰੀਂ ਕਮਜ਼ੋਰ ਅਤੇ ਬੌਣਾ ਹੁੰਦਾ ਗਿਆ ਹੈ। ਘਰ ਦੀ ਕੈਦ ਵਿਚ ਸਫ਼ਰ ਦੇ ਗੁੰਮ-ਗੁਆਚ ਜਾਣ ਦਾ ਵਿਗੋਚਾ ਉਸਦੀ ਸ਼ਾਇਰੀ ਵਿਚ ਥਾਂ-ਥਾਂ ਹਾਜ਼ਿਰ ਹੈ। ਘਰ ਉਸ ਲਈ ਇਕ ਅਜਿਹੀ ਸੰਸਥਾ ਹੈ, ਜਿਹੜੀ ਬੰਦੇ ਦੀ ਪਰਵਾਜ਼ ਦੇ



ਰਸਤੇ ਵਿਚ ਬਾਧਾ ਪਾਉਂਦੀ ਹੈ। ਘਰ ਉਸਦੇ ਸਫ਼ਰ ਨੂੰ ਬੰਨ੍ਹ ਮਾਰਦਾ ਹੈ। ਉਸਨੇ ਘਰ ਦੇ ਇਸ ਪੁਰਾਤਨ ਸੰਕਲਪ ਤੇ ਪ੍ਰਸ਼ਨ-ਚਿੰਨ੍ਹ ਲਗਾਇਆ ਹੈ। ਉਹ ਇਸ ਤੋਂ ਦੂਰ ਜਾਣਾ ਲੋਚਦਾ ਹੈ :

ਘਰਾਂ ਅੰਦਰ ਮੁਕੰਮਲ ਜ਼ਿੰਦਗੀ ਜੇ ਮਿਲ ਗਈ ਹੁੰਦੀ,
ਕੋਈ ਭਟਕਣ ਨਾ ਜਾਂਦਾ ਜੰਗਲਾਂ, ਮਾਰੂਥਲਾਂ ਤੀਕਰ।
(ਪੰਨਾ - 23)

ਲਿਸ਼ਕਦੇ ਇਸ ਘਰ 'ਚ ਰੁਕ ਜਾਏ ਨਾ ਤੇਰਾ ਹਰ ਸਫ਼ਰ,
ਮੰਜ਼ਿਲਾਂ ਵਰਗੇ ਵੀ ਨਾ ਤੂੰ ਕਮਰਿਆਂ ਨੂੰ ਅਰਥ ਦੇ।
(ਪੰਨਾ - 24)

ਘਰਾਂ ਅੰਦਰ ਸਿਮਟ ਕੇ ਵੀ ਅਸਾਂ ਤੋਂ ਜੀ ਨਹੀਂ ਹੋਇਆ,
ਜਦੋਂ ਨਿਕਲੇ ਘਰਾਂ ਚੋਂ ਤਾਂ ਘਰਾਂ ਤੋਂ ਮੁਕਤ ਨਾ ਹੋਏ।
(ਪੰਨਾ - 15)

ਜੰਗਲ ਤਾਂ ਕੋਈ ਰੋਜ਼ ਹੀ ਦਿੰਦਾ ਹੈ ਸਦਾਵਾਂ,
ਲੋੜਾਂ 'ਚ ਉਲਝਿਆ ਹੀ ਮੈਂ ਮੁੜ ਆਉਂਦਾ ਹਾਂ ਘਰ ਨੂੰ।
ਸਿਮਟੇ ਵੀ ਕਿਵੇਂ ਹੋਂਦ ਪਹਾੜਾਂ ਦੀ ਫਿਜ਼ਾ ਵਿਚ,
ਫਿਰਦਾਂ ਹਾਂ ਲਈ ਨਾਲ ਹੀ ਮੈਂ ਘਰ, ਨਗਰ ਨੂੰ
(ਪੰਨਾ - 68)

ਧਰਕੇ ਘਰੇ ਹੀ ਆਪਣੇ ਸਾਰੇ ਵਿਚਾਰ ਚਲ।
ਜੀਣਾ ਘੜੀ ਦੇ ਪਿਆਰ ਨੂੰ ਖ਼ੁਦ ਤੋਂ ਹੀ ਪਾਰ ਚਲ।
(ਪੰਨਾ - 57)

ਸੇਖਾ ਲਈ ਘਰ, ਸਫ਼ਰ, ਜੰਗਲ, ਮਾਰੂਥਲ, ਅੰਬਰ ਅਤੇ ਮਹਿਬੂਬ ਦਾ ਵਿਰੋਧੀ ਹੈ। ਗਤਾਰ ਸੇਖਾ ਦੀ ਸ਼ਾਇਰੀ ਠਹਿਰਾ ਦੀ ਸ਼ਾਇਰੀ ਨਹੀਂ, ਇਹ ਨਿਰੰਤਰ ਸਫ਼ਰ ਦੀ ਸ਼ਾਇਰੀ । ਉਸ ਸਮਾਜ ਵਿਚ ਠਹਿਰੀ ਹੋਈ ਹਰ ਸੰਸਥਾ 'ਤੇ ਚੋਟ ਕਰਦਾ ਹੈ। ਸੇਖਾ ਲਈ ਸਫ਼ਰ ਸਤਿਆਂ ਦੀ ਭਟਕਣ ਦਾ ਸਫ਼ਰ ਹੈ, ਇਸ ਵਿਚ ਮੰਜ਼ਿਲ ਦੀ ਨਾ ਤਾਂ ਚਿੰਤਾ ਸ਼ਾਮਿਲ ਹੈ, ਾ ਹੀ ਇੱਛਾ। ਇਹ ਸਫ਼ਰ ਤਾਂ ਨਿਰੰਤਰ ਤਲਾਸ਼ ਦਾ ਸਫ਼ਰ ਹੈ। ਇਸ ਸਫ਼ਰ ਵਿਚ ਦੋ ਰੋਧੀ ਧਿਰਾਂ ਮੌਜੂਦ ਹਨ - ਧਰਤੀ ਅਤੇ ਅੰਬਰ। ਧਰਤੀ ਪੈਰਾਂ ਨੂੰ ਬੰਨ੍ਹ ਮਾਰ ਰੋਕਣ ਦੇ ਤਨ ਵਿਚ ਹੈ ਅਤੇ ਬੰਦਾ ਅੰਬਰਾਂ ਤੇ ਉਡਾਰੀ ਮਾਰਨਾ ਚਾਹੁੰਦਾ। ਇਸ ਸਫ਼ਰ ਵਿਚ ਅੰਬਰ ਦੇ ਨਾਲ-ਨਾਲ ਕਿਤੇ-ਕਿਤੇ ਜੰਗਲ ਵੀ ਸ਼ਾਮਿਲ ਹੈ। ਅੰਬਰ ਤੇ ਜੰਗਲ ਦੋਵੇਂ ਹੀ ਬੰਦੇ ਦੀ ਪੂਰਨਤਾ ਲਈ ਜ਼ਰੂਰੀ ਹੈ। ਜਿੱਥੇ ਅੰਬਰ ਉਸਦੇ ਸੁਪਨਿਆਂ ਦੀ ਪਰਵਾਜ਼ ਲਈ ਜ਼ਰੂਰੀ ਹੈ। ਓਥੇ ਜੰਗਲ ਉਸਦੇ ਸਵੈ ਵਿਚ ਪਈਆਂ ਬੇਰੋਕ ਖਾਹਿਸ਼ਾਂ ਦਾ ਮੁਜੱਸਮਾ ਹੈ।

ਭਟਕਣ ਅਤੇ ਆਵਾਰਗੀ ਇਸ ਸਫ਼ਰ ਦਾ ਆਗਾਜ਼ ਵੀ ਹਨ ਅਤੇ ਮੰਜ਼ਿਲ ਵੀ। ਭਟਕਣ ਇੱਥੇ ਨਵੇਂ ਅਰਥਾਂ ਵਿਚ ਪੇਸ਼ ਹੈ। ਭਟਕਣ ਬੇਅਰਥ ਭ੍ਰਮਣ ਨਹੀਂ, ਬਾ-ਮਕਸਦ ਸਫ਼ਰ ਹੈ। ਇਹ ਸਫ਼ਰ ਘਰ ਤੋਂ ਬਾਹਰ ਦਾ ਸਫ਼ਰ ਹੈ। ਕੁਝ ਉਦਾਹਰਣ ਪੇਸ਼ ਹਨ :

ਰਿਹਾ ਜੇ ਧਰਤ ਦੇ ਹੀ ਮੋਹ 'ਚ ਏਨਾ ਉਲਝਿਆ ਹੋਇਆ,
ਮਨਾਂ ਦਸ ਕਿਸ ਤਰ੍ਹਾਂ ਪਹੁੰਚੇਂਗਾ ਆਪਣੇ ਅੰਬਰਾਂ ਤੀਕਰ।
(ਪੰਨਾ - 23)

ਉਨ੍ਹਾਂ ਦਾ ਕੀ ਸਫ਼ਰ ਹੈ ਖ਼ਾਕ ਪਹੁੰਚਣਗੇ ਉਹ ਮੰਜ਼ਿਲ ਤੇ,
ਕਦਮ ਜਿਹੜੇ ਨਹੀਂ ਪਹੁੰਚੇ ਕਦੇ ਵੀ ਭਟਕਨਾਂ ਤੀਕਰ।
(ਪੰਨਾ - 23)

ਮਿਲੇ ਮੰਜ਼ਿਲ ਜਾਂ ਠੋਕਰ, ਏਸ ਦੀ ਚਿੰਤਾ ਨਹੀਂ ਕੋਈ,
ਇਹ ਹੱਕ ਚਾਹੁੰਦਾ ਹਾਂ ਕਿ ਆਪਣਾ ਸਫ਼ਰ ਖ਼ੁਦ ਸਿਰਜਦਾ ਹੋਵਾਂ।
(ਪੰਨਾ - 72)

ਸਫ਼ਰ ਅੰਦਰ ਅਸੀਂ ਸੌ ਵਾਰ ਟੁੱਟਣਾ ਹੈ ਬਿਖਰਨਾ ਹੈ,
ਹੁਨਰ ਪਰ ਜਾਣਦੇ ਇਹ ਵੀ ਕਿਵੇਂ ਢਹਿ ਕੇ ਉਸਰਨਾ ਹੈ।
(ਪੰਨਾ - 82)

ਮਹਿਬੂਬ ਦੀ ਹੋਂਦ, ਉਸਦੀ ਤਲਾਸ਼, ਉਸ ਲਈ ਤਰਸੇਵਾਂ, ਮਿਲਣ ਦੀ ਚਾਹਤ, ਵਿਛੋੜੇ ਦਾ ਜ਼ਰਦ ਰੰਗ, ਤੜਪ, ਮਹਿਰੂਮੀਅਤ, ਮਜ਼ਬੂਰੀਆਂ, ਨਜ਼ਦੀਕੀਆਂ-ਦੂਰੀਆਂ ਆਦਿ ਭਾਵ ਸਮਕਾਲੀ ਗ਼ਜ਼ਲ ਵਾਂਗ ਜਗਤਾਰ ਸੇਖਾ ਦੀ ਸ਼ਾਇਰੀ ਵਿਚ ਵੀ ਪੇਸ਼ ਹੋਣ ਵਾਲਾ ਮਨੁੱਖੀ ਸਰੋਕਾਰ ਹੈ। ਪਰ ਸੇਖਾ ਦੀ ਸ਼ਾਇਰੀ ਵਿਚ ਮਹਿਬੂਬ ਦਾ ਤਸੱਵੁਰ ਜ਼ਿਆਦਾਤਰ 'ਘਰ' ਦੇ ਵਿਰੋਧ ਵਜੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਦੂਜਾ, ਉਸਦੀ ਸ਼ਾਇਰੀ ਵਿਚ ਇਸ ਰਿਸ਼ਤੇ ਵਿਚ ਇਕ ਬਰਾਬਰਤਾ, ਇਕ ਟਿਕਾਅ ਸ਼ਾਮਿਲ ਹੈ। ਇਥੇ ਸ਼ਿਕਵੇ-ਸ਼ਿਕਾਇਤਾਂ ਲਈ ਕੋਈ ਸਪੇਸ ਨਹੀਂ ਹੈ। ਮਹਿਬੂਬ ਦੀ ਹੋਂਦ ਕਾਵਿ-ਸਬਜੈਕਟ ਲਈ ਮੁਕੰਮਲ ਬਦਲਾਅ ਦੀ ਸੂਚਕ ਹੈ। ਉਸਦਾ ਤਨ-ਮਨ ਇਸਦੀ ਛੋਹ ਨਾਲ ਤਰੰਗਿਤ ਹੁੰਦਾ ਹੈ ਅਤੇ ਸਮਾਂ ਲਮਹਿਆਂ ਵਿਚ ਸਿਮਟ ਆਉਂਦਾ ਹੈ :

ਮੇਰੇ ਵਜੂਦ ਅੰਦਰ ਇਕ ਲਰਜ਼ਿਆ ਹੈ ਨਗਮਾ,
ਖ਼ਬਰੇ ਤੁਸੀਂ ਕਿਹਾ ਕੀ, ਖ਼ਬਰੇ ਮੈਂ ਸੁਣ ਲਿਆ ਕੀ?
(ਪੰਨਾ - 21)

ਮਨ ਵਿਚ ਹੀ ਅੱਗ ਦਬਾ ਕੇ, ਧੁਖਦਾ ਹਾਂ ਛੁਪ-ਛੁਪਾਕੇ
ਖੁਲ੍ਹਕੇ ਹੀ ਬਲ ਪਵਾਂ ਮੈਂ, ਏਨੀ ਤੂੰ ਅੱਜ ਹਵਾ ਦੇ।
(ਪੰਨਾ - 52)



ਅਰਥ ਸਾਰੇ ਹੋ ਗਏ ਹੋਂਦ ਮੇਰੀ ਤੋਂ ਜੁਦਾ,
ਏਨਾ ਤਨਹਾ ਹੋ ਗਿਆ ਹਾਂ ਤੇਰੀਆਂ ਬਾਹਾਂ ਤੋਂ ਦੂਰ।
(ਪੰਨਾ - 37)

ਕਿਉਂ ਮੇਰੀ ਚੁੱਪ ਤੋਂ ਡਰੇ, ਆ ਕਿ ਜ਼ਰਾ ਛੋਹ ਮੈਨੂੰ,
ਏਸ ਪਲ ਮੇਰੇ 'ਚ ਹੈ ਸਾਜ਼ ਜਿਹੀ ਖ਼ਾਮੋਸ਼ੀ।
(ਪੰਨਾ - 20)

ਕਰੜੇ ਸਮਾਜਿਕ ਨੇਮਾਂ ਦੀ ਮਾਰ ਹੇਠ ਆਕੇ ਬੰਦੇ ਵਿਚ ਜ਼ਿੰਦਗੀ ਨੂੰ ਚੋਰੀ ਜੀਣ ਦੀ ਚਾਹਤ ਪੈਦਾ ਹੁੰਦੀ ਹੈ। ਜ਼ਿੰਦਗੀ ਪਲਾਂ-ਛਿਣਾਂ ਵਿਚ ਸਿਮਟ ਕੇ ਰਹਿ ਜਾਂਦੀ ਹੈ। ਇਸ ਚਾਹਤ ਦੀ ਸਮਾਜਿਕ ਪਿੱਠਭੂਮੀ ਕੀ ਹੈ? ਇਹ ਚਾਹਤ ਕਿਉਂ ਪੈਦਾ ਹੁੰਦੀ ਹੈ? ਇਨ੍ਹਾਂ ਸਵਾਲਾਂ ਦਾ ਉਭਾਰ ਵੀ ਮੌਜੂਦਾ ਨਿਜ਼ਾਮ ਅਤੇ ਬੰਦੇ ਦੇ ਮਨ ਦੇ ਸੱਚ ਦੇ ਇਕ ਲਕੀਰ ਵਿਚ ਆ ਜਾਣ ਨਾਲ ਹੀ ਪੈਦਾ ਹੁੰਦਾ ਹੈ। ਕਾਵਿ-ਸਬਜੈਕਟ ਇਨ੍ਹਾਂ ਪਲਾਂ ਵਿਚ ਪੂਰੀ ਜ਼ਿੰਦਗੀ ਜਿਉਂ ਰਿਹਾ ਲੱਗਦਾ ਹੈ। ਇਹ ਪਲ ਉਸ ਲਈ ਸੰਪੂਰਨਤਾ ਦੇ ਪਲ ਹੁੰਦੇ ਹਨ। ਅਕਲ, ਫਲਸਫਾ, ਤੇਜ਼ ਗੁਜ਼ਰ ਰਿਹਾ ਵਕਤ ਸਭ ਕਿਤੇ ਫ੍ਰੀਜ਼ ਹੋ ਕੇ ਰਹਿ ਜਾਂਦੇ ਹਨ।

ਕਦ ਫ਼ਲਸਫੇ 'ਚ ਸਿਮਟਦੀ ਜੀਵਨ ਦੀ ਹਰ ਘੜੀ,
ਚੋਰੀ ਹਰੇਕ ਅਕਲ ਤੋਂ ਕੁਝ ਪਲ ਗੁਜ਼ਾਰ ਚਲ।
(ਪੰਨਾ - 57)

ਹੁਣ ਨੂੰ ਤਾਂ ਇਹ ਕਦੋਂ ਦੇ ਟੁੱਟਕੇ ਬਿਖਰ ਜੀ ਜਾਂਦੇ,
ਰੱਖਦੇ ਨਾ ਜੇ ਜ਼ਰਾ ਵੀ ਆਪਣੇ ਘਰਾਂ ਤੋਂ ਚੋਰੀ।
(ਪੰਨਾ - 14)

ਵਕਤ ਤਾਂ ਤੇਜ਼ ਬਹੁਤ ਹੈ, ਨਾ ਹੰਢਾਇਆ ਜਾਏ,
ਕਿਉਂ ਨਾ ਅੱਜ ਵਕਤ 'ਚੋਂ ਪਲ ਕੋਈ ਚੁਰਾਇਆ ਜਾਵੇ।
(ਪੰਨਾ - 63)

ਪੌਣਾਂ ਦੇ ਨਾਲ ਰਲਕੇ ਜੋ ਨਿਰਤ ਕਰ ਰਿਹਾ ਹੈ,
ਇਕ ਸਾਂਝ ਪਲ ਰਹੀ ਹੈ ਰੁੱਖ ਦੀ ਜੜ੍ਹਾਂ ਤੋਂ ਚੋਰੀ।
(ਪੰਨਾ - 14)

ਕੁਝ ਕੁ ਪਲ ਹੀ ਨੇ ਜੋ ਮੇਰੇ ਚੇਤਿਆਂ ਵਿਚ ਠਹਿਰ ਗਏ
ਉਮਰ ਦਾ ਹਰ ਸਾਲ ਤਾਂ ਹੁੰਦਾ ਗਿਆ ਆਇਆ ਗਿਆ।
(ਪੰਨਾ - 29)

ਰੀਵਿਊ ਲੇਖ :

# ਰੂਸੀ ਸ਼ਾਇਰੀ

- ਅਨੁਵਾਦਕਾ ਕਮਲ ਅੰਮ੍ਰਿਤਸਰ

ਮੈਨੂੰ ਅੰਮ੍ਰਿਤਸਰ ਦੀ ਵਸਨੀਕ ਕਵਿੱਤਰੀ ਤੇ ਅਨੁਵਾਦਕਾ 'ਕਮਲ' ਦੀ ਪੁਸਤਕ 'ਰੂਸੀ ਸ਼ਾਇਰੀ' ਡਾਕ ਰਾਹੀਂ ਪ੍ਰਾਪਤ ਹੋਈ ਹੈ। ਇਹ ਤਿੰਨ ਸਦੀਆਂ ਦੀ ਚੋਣਵੀਂ ਰੂਸੀ ਸ਼ਾਇਰੀ ਹੈ। ਖ਼ੁਦ ਵਿਸ਼ਵ ਕਵਿਤਾ ਦਾ ਅਨੁਵਾਦਕ ਹੋਣ ਕਾਰਨ ਮੈਨੂੰ ਇਹ ਪੁਸਤਕ ਪ੍ਰਾਪਤ ਕਰਕੇ ਖ਼ੁਸ਼ੀ ਹੋਈ ਹੈ।

1980 ਵਿਚ ਪਰਾਗਰੈੱਸ ਪਬਲਿਸ਼ਰਜ਼ ਮਾਸਕੋ ਵਲੋਂ "ਰੂਸੀ ਕਵਿਤਾ ਦੀਆਂ ਤਿੰਨ ਸਦੀਆਂ" ਦਾ ਇਕ ਵੱਡਾ ਗ੍ਰੰਥ ਤਿਆਰ ਕੀਤਾ ਗਿਆ ਸੀ। ਜਿਸ ਵਿਚ 74 ਰੂਸੀ ਕਵੀਆਂ ਦੀਆਂ ਕੋਈ 220 ਕਵਿਤਾਵਾਂ ਸ਼ਾਮਿਲ ਕੀਤੀਆਂ ਗਈਆਂ ਸਨ। ਇਹ ਵੱਡਾ ਸੰਗ੍ਰਹਿ ਦੋ-ਭਾਸ਼ੀ ਸੀ, ਅਰਥਾਤ ਰੂਸੀ ਕਵਿਤਾਵਾਂ ਦੇ ਨਾਲ-ਨਾਲ ਇਹਨਾਂ ਦਾ ਅੰਗਰੇਜ਼ੀ ਅਨੁਵਾਦ ਵੀ ਦਿੱਤਾ ਗਿਆ ਸੀ। ਅਨੁਵਾਦਕਾ ਬੀਬੀ ਕਮਲ ਨੇ ਇਹ ਅਨੁਵਾਦ ਰੂਸੀ ਤੋਂ ਪੰਜਾਬੀ ਵਿਚ ਕੀਤਾ ਹੈ ਤੇ ਇਸ ਵਿਚ ਕੇਵਲ 40 ਦੇ ਕਰੀਬ ਕਵੀਆਂ ਦੀਆਂ ਇੱਕ-ਇੱਕ ਦੋ-ਦੋ ਕਵਿਤਾਵਾਂ ਸ਼ਾਮਿਲ ਕੀਤੀਆਂ ਹਨ। ਰੂਸੀ ਕਵਿਤਾ ਦੇ ਸਿੱਧੇ ਅਨੁਵਾਦ, ਮੇਰੇ ਗਿਆਨ ਅਨੁਸਾਰ ਮਾਸਕੋ ਵਿਚ ਸਰਕਾਰੀ ਪੱਧਰ ਉੱਤੇ ਹੀ ਕਰਵਾਏ ਜਾਂਦੇ ਰਹੇ ਹਨ। ਜੋ ਸੋਵੀਅਤ ਪ੍ਰਬੰਧ ਦੇ ਵਿਗਠਨ ਨਾਲ ਬੰਦ ਹੋ ਚੁੱਕੇ ਹਨ। ਕਮਲ ਕਿਉਂਕਿ ਰੂਸੀ ਭਾਸ਼ਾ ਜਾਣਦੀ ਹੈ, ਇਸ ਲਈ ਉਸਨੇ ਆਪਣੇ ਅਨੁਵਾਦ ਸਿੱਧੇ ਰੂਸੀ ਭਾਸ਼ਾ ਵਿਚੋਂ ਹੀ ਕੀਤੇ ਹਨ। ਅਜਿਹਾ ਯਤਨ ਕਿਉਂਕਿ ਪੰਜਾਬੀ ਵਿਚ, ਨਿੱਜੀ ਤੌਰ ਤੇ ਘੱਟ ਹੋਇਆ ਹੈ, ਇਸ ਲਈ ਉਹ ਸਾਡੀ ਪ੍ਰਸ਼ੰਸਾ ਦੀ ਹੱਕਦਾਰ ਹੈ।

ਅਨੁਵਾਦ ਦੇ ਕਾਰਜ ਨਾਲ ਸਬੰਧਿਤ ਵਾਹ ਪੈਂਦਾ ਰਹਿਣ ਕਾਰਨ, ਮੈਂ ਅਨੁਭਵ ਕੀਤਾ ਹੈ ਕਿ ਵਿਸ਼ਵ ਪੱਧਰ ਉੱਤੇ ਹੁੰਦੇ ਤੇ ਹੋਏ ਅਨੁਵਾਦ ਅਕਸਰ ਹੀ ਅੰਗਰੇਜ਼ੀ ਅਨੁਵਾਦਾਂ ਤੋਂ ਆਪਣੀ ਸਥਾਨਕ ਭਾਸ਼ਾ ਵਿਚ ਹੁੰਦੇ ਹਨ ਤੇ ਇੰਝ ਇਹ ਅਨੁਵਾਦ ਤੀਸਰੀ ਭਾਸ਼ਾ ਵਿਚ ਹੋਣ ਕਾਰਨ, ਕਵੀ ਦੇ ਅਰਥਾਂ ਅਤੇ ਵਿਚਾਰਾਂ ਵਿਚ ਕੁਝ ਅੰਤਰ ਪੈ ਜਾਣਾ ਜਾਂ ਰਹਿ ਜਾਣਾ ਸੰਭਵ ਹੁੰਦਾ ਹੈ। ਪਰ ਜੋ ਅਨੁਵਾਦਕ ਸਿੱਧੇ ਅਨੁਵਾਦ ਕਰਦੇ ਹਨ, ਉਹਨਾਂ ਦੇ ਕੀਤੇ ਅਨੁਵਾਦਾਂ ਦੀ ਵੀ ਕੋਈ ਗਾਰੰਟੀ ਨਹੀਂ ਹੁੰਦੀ ਕਿ ਉਹ ਉੱਤਮ ਭਾਂਤ ਦੇ ਹੁੰਦੇ ਹੋਣ ਤੇ ਅਸਲ ਕਵਿਤਾ ਨੂੰ ਸਫਲਤਾ ਨਾ ਪੇਸ਼ ਕਰਦੇ ਹੋਣ।

ਮੁੱਖ ਮਸਲਾ ਇਹ ਹੁੰਦਾ ਹੈ ਕਿ ਕੀ ਅਨੁਵਾਦਕ ਨੇ ਮੂਲ ਭਾਸ਼ਾ ਦੀ ਕਵਿਤਾ ਨੂੰ ਪੂਰੀ ਤਰ੍ਹਾਂ ਸਮਝ ਲਿਆ ਹੈ। ਨਾਲ ਹੀ ਉਸਨੂੰ ਖ਼ੁਦ ਕਵਿਤਾ ਦੀ ਕਲਾ ਦੀ ਕਿਤਨੀ ਕੁ ਮੁਹਾਰਤ ਅਥਵਾ ਪਰਪੱਕਤਾ ਹੈ। ਕਿਸੇ ਅੰਗਰੇਜ਼ੀ ਲੇਖਕ ਦਾ ਕਥਨ ਹੈ ਕਿ ਅਨੁਵਾਦਕ



ਕਵੀ ਵੀ ਸਮਰੱਥ ਹੋਣਾ ਚਾਹੀਦਾ ਹੈ, ਤਾਂ ਹੀ ਉਹ ਮੌਲਿਕ ਕਵਿਤਾ ਦੇ ਅਨੁਵਾਦ ਕਾਰਜ ਨਾਲ ਇਨਸਾਫ ਕਰ ਸਕੇਗਾ।

ਕਵਿਤਾ ਦਾ ਅਨੁਵਾਦ ਕਰਨਾ ਵਾਰਤਕ ਜਾਂ ਗਲਪ ਦੇ ਅਨੁਵਾਦ ਨਾਲੋਂ ਔਖੇਰਾ ਸਮਝਿਆ ਜਾਂਦਾ ਹੈ। ਕਾਰਨ ਇਹ ਹੁੰਦਾ ਹੈ ਕਿ ਕਵਿਤਾ ਵਿਚ ਜਜ਼ਬਾ ਪ੍ਰਧਾਨ ਹੁੰਦਾ ਹੈ ਤੇ ਕਵੀ ਦੀ ਕਾਲਪਨਿਕ ਉਡਾਨ ਕਾਰਨ ਵਰਤੇ ਗਏ ਬਿੰਬ ਤੇ ਪ੍ਰਤੀਕ ਮੌਲਿਕ ਹੋਣ ਦੇ ਨਾਲ-ਨਾਲ ਨਵੇਂ ਤੇ ਵਚਿੱਤਰ ਹੁੰਦੇ ਹਨ। ਨਾਲ ਦੀ ਨਾਲ ਕਵਿਤਾ ਵਿਚ ਕਿਸੇ ਲੈਅ ਅਤੇ ਤਾਲ ਵਿਚ ਬੱਝੇ ਹੋਣ ਕਾਰਨ ਉਹਨਾਂ ਦੇ ਅਰਥਾਂ ਦੀਆਂ ਕਈ ਤਹਿਆਂ ਹੁੰਦੀਆਂ ਹਨ, ਜਿਹਨਾਂ ਨੂੰ ਪਕੜਨਾ ਅਥਵਾ ਪ੍ਰਗਟ ਕਰਨਾ ਬਹੁਤ ਜੋਖਮ ਭਰਿਆ ਕਾਰਜ ਹੁੰਦਾ ਹੈ।

ਫਿਰ ਹਰ ਭਾਸ਼ਾ ਦਾ ਆਪਣਾ ਵੱਖਰਾ ਤੇ ਵਿਕੋਲਿਤਰਾ ਛੰਦ-ਪ੍ਰਬੰਧ ਹੁੰਦਾ ਹੈ ਤੇ ਬਹੁਤ ਵਾਰ ਇਹ ਛੰਦ-ਪ੍ਰਬੰਧ ਉੱਤੇ ਉਸ ਭਾਸ਼ਾ ਦੇ ਸਭਿਆਚਾਰ ਦਾ ਵੀ ਡੂੰਘਾ ਪ੍ਰਭਾਵ ਪਿਆ ਹੁੰਦਾ ਹੈ। ਇੰਝ ਹੀ ਹਰ ਭਾਸ਼ਾ ਦੀ ਸ਼ਬਦਾਵਲੀ ਵੀ ਵੱਖਰੀ ਹੁੰਦੀ ਹੈ। ਇੱਕ ਭਾਸ਼ਾ ਵਿਚ ਵਰਤੇ ਗਏ ਸ਼ਬਦ ਜਦੋਂ ਦੂਸਰੀ ਭਾਸ਼ਾ ਵਿਚ ਵਰਤੇ ਜਾਂਦੇ ਹਨ ਤਾਂ ਉਹਨਾਂ ਦਾ ਪ੍ਰਸੰਗ ਵੀ ਬਦਲ ਜਾਂਦਾ ਹੈ। ਮੈਨੂੰ ਯਾਦ ਹੈ ਕਿ ਮੈਂ ਆਪਣੀ ਇਕ ਪੰਜਾਬੀ ਕਵਿਤਾ ਦਾ ਜਦੋਂ ਖ਼ੁਦ ਹੀ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਤਾਂ ਉਸ ਵਿਚ ਮੈਂ ਪਿੰਡ ਦੀ ਫਿਰਨੀ ਸ਼ਬਦ Boundary Line ਦੇ ਅਰਥਾਂ ਵਿਚ ਵਰਤਿਆ, ਪਰ ਜਦੋਂ ਕਿਸੇ ਅਨੁਵਾਦਕ ਨੇ ਇਸ ਅੰਗਰੇਜ਼ੀ ਕਵਿਤਾ ਤੋਂ ਅੱਗੇ ਹਿੰਦੀ ਅਨੁਵਾਦ ਕੀਤਾ ਤਾਂ ਦੇਸ਼ ਦੀ ਸਰਹੱਦ ਬਣ ਗਿਆ ਸੀ।

ਕਮਲ ਨੇ ਇੱਕ ਦੋ ਕਵੀ ਉਕਤ ਗ੍ਰੰਥ ਤੋਂ ਬਾਹਰੋਂ ਵੀ ਪਾਏ ਹਨ, ਜਿਵੇਂ ਰਸੂਲ ਹਮਜ਼ਾ ਤੋਵ ਆਦਿ।

ਉਸਦੀ ਪੁਸਤਕ ਦਾ ਪਾਠ ਇੰਝ ਨਹੀਂ ਕਰ ਹੁੰਦਾ ਜਿਵੇਂ ਕਿ ਅਸੀਂ ਮੌਲਿਕ ਕਵਿਤਾ ਦਾ ਕਰਦੇ ਹਾਂ। ਮੈਨੂੰ ਇਹ ਕਵਿਤਾ ਪੜ੍ਹਦਿਆਂ ਇੰਝ ਪ੍ਰਤੀਤ ਹੁੰਦਾ ਸੀ ਕਿ ਜਿਵੇਂ ਅਨੁਵਾਦਕਾ ਨੇ ਰੂਸੀ ਸ਼ਾਇਰੀ ਦੇ ਅਰਥਾਂ ਨੂੰ ਤਾਂ ਭਲੀ ਭਾਂਤ ਸਮਝ ਲਿਆ ਹੋਵੇ, ਪਰ ਪੰਜਾਬੀ ਵਿਚ ਅਨੁਵਾਦ ਕਰਨ ਲੱਗਿਆਂ ਉਸਨੇ ਆਪਣੇ ਮੌਲਿਕ ਤੇ ਨਿੱਜੀ ਕਾਵਿ-ਹੁਨਰ ਦਾ ਕੋਈ ਜਲਵਾ ਨਹੀਂ ਵਿਖਾਲਿਆ। ਕਿਉਂਕਿ ਪਾਠਕ ਇਸ ਪੁਸਤਕ ਵਿਚਲੇ ਅਨੁਵਾਦ ਨੂੰ ਇਕੋ ਸਾਹੇ ਨਹੀਂ ਪੜ੍ਹ ਸਕਦਾ। ਉਹ ਦੋ ਚਾਰ ਕਵਿਤਾਵਾਂ ਪੜ੍ਹ ਕੇ ਛੱਡ ਦਿੰਦਾ ਹੈ। ਇਥੇ ਕਮਲ ਨੂੰ ਕੋਈ ਦੋਸ਼ ਵੀ ਨਹੀਂ ਦਿੱਤਾ ਜਾ ਸਕਦਾ। ਕਿਉਂਕਿ ਉਸਨੇ ਜੋ ਅਨੁਵਾਦ ਦੀ ਵਿਧੀ ਵਰਤੀ ਹੈ, ਉਹ ਇੰਝ ਹੈ, ਜਿਵੇਂ ਲਫ਼ਜ਼-ਬਾ-ਲਫ਼ਜ਼ ਦੀ ਵਿਧੀ ਹੋਵੇ। ਉਸਨੇ ਅਨੁਵਾਦ ਵੇਲੇ ਕੋਈ ਖੁੱਲਾਂ ਵੀ ਲਈਆਂ ਪ੍ਰਤੀਤ ਨਹੀਂ ਹੁੰਦੀਆਂ।

ਇਸਦਾ ਕਾਰਨ ਸ਼ਾਇਦ ਇਹ ਹੋਵੇ ਕਿ ਉਸਨੇ ਮੌਲਿਕ ਰੂਸੀ ਕਵਿਤਾਵਾਂ ਦੇ ਲਾਗੇ-

ਲਾਗੇ ਰਹਿਣ ਦੀ ਸੁਚੇਤ ਕੋਸ਼ਿਸ਼ ਕੀਤੀ ਹੈ ਤੇ ਇੰਝ ਕਵੀ ਨੂੰ ਇਕ ਜਕੜ ਅਥਵਾ ਤੰਗ ਘੇਰੇ ਵਿਚ ਰਹਿ ਕੇ ਵਿਚਰਨਾ ਪੈਂਦਾ ਹੈ। ਇੰਝ ਜੋ ਅਨੁਵਾਦ ਇਸ ਪੁਸਤਕ ਵਿਚ ਪੇਸ਼ ਹੋਇਆ ਹੈ, ਉਹ ਕੋਈ ਕਵਿਤਾ ਜਿਹੀ ਚੀਜ਼ ਤਾਂ ਬਣ ਗਈ ਹੈ, ਪਰ ਉਹ ਪਾਠਕ ਨੂੰ ਪ੍ਰਭਾਵਿਤ ਨਹੀਂ ਕਰਦੀ। ਉਸਨੂੰ ਧੂਹ ਨਹੀਂ ਪਾਉਂਦੀ ਤੇ ਉਸਨੂੰ ਆਪਣੇ ਨਾਲ ਲੈ ਕੇ ਨਹੀਂ ਤੁਰਦੀ।

ਫਿਰ ਵੀ ਇੱਕ ਗੱਲ ਸਾਡਾ ਧਿਆਨ ਖਿੱਚਦੀ ਹੈ ਕਿ 'ਕਮਲ' ਨੇ ਰੂਸੀ ਭਾਸ਼ਾ ਸਿੱਖੀ ਹੈ ਤੇ ਉਸਨੇ ਆਪਣਾ ਕਾਰਜ ਰੂਸੀ ਕਵਿਤਾ ਦੇ ਵੱਡੇ ਗ੍ਰੰਥ ਤੋਂ ਸ਼ੁਰੂ ਕੀਤਾ ਹੈ। ਵੱਡੇ ਨਿਸ਼ਾਨੇ ਨੂੰ ਹੱਥ ਪਾਇਆ ਹੈ ਤੇ ਆਪਣੇ ਸੀਮਤ ਸਮਰੱਥਾ ਅਨੁਸਾਰ ਕੰਮ ਕੀਤਾ ਹੈ। ਇਹ ਗੱਲ ਹੁਣ ਉਸਦੇ ਪਾਠਕਾਂ ਉੱਤੇ ਨਿਰਭਰ ਹੈ ਕਿ ਉਹ ਉਸਦੇ ਕੀਤੇ ਉੱਦਮ ਨੂੰ ਕਿਸ ਤਰ੍ਹਾਂ ਲੈਂਦੇ ਹਨ। ਉਂਝ ਵੀ ਸੋਵੀਅਤ ਰੂਸ ਦੇ ਸਮਾਜਵਾਦੀ ਪ੍ਰਬੰਧ ਦੇ ਖ਼ਤਮ ਹੋਣ ਨਾਲ ਅਜਿਹੇ ਗੰਭੀਰ ਯਤਨਾਂ ਦੇ ਪ੍ਰਸ਼ੰਸਕ ਵੀ ਅਵੱਸ਼ ਹੀ ਘੱਟ ਗਏ ਹਨ। ਨਹੀਂ ਤਾਂ ਅਜਿਹਾ ਉੱਦਮ ਅਵੱਸ਼ ਹੀ "ਸੋਵੀਅਤ ਲੈਂਡ ਨਹਿਰੂ ਪੁਰਸਕਾਰ" ਦਾ ਹੱਕਦਾਰ ਬਣਨ ਦੇ ਕਾਬਿਲ ਸੀ।

ਫਿਰ ਵੀ ਕਮਲ ਨੇ ਵੱਡੇ ਕੰਮ ਨੂੰ ਹੱਥ ਪਾਇਆ ਹੈ। ਉਸਦੀ ਸ਼ਲਾਘਾ ਕਰਨੀ ਬਣਦੀ ਹੈ। ਅਜਿਹੇ ਕਾਰਜ ਨੂੰ ਕੋਈ ਵਿਰਲਾ-ਟਾਵਾਂ ਵਿਅਕਤੀ ਹੀ ਹੱਥ ਪਾ ਸਕਦਾ ਹੈ।

'ਕਮਲ' ਨੇ ਅਸੰਭਵ ਨੂੰ ਸੰਭਵ ਕਰ ਵਿਖਾਇਆ ਹੈ। ਰੂਸੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿਚ ਉਹ ਪਹਿਲੀ ਤੇ ਸ਼ਾਇਦ ਆਖ਼ਰੀ ਅਜਿਹੀ ਅਨੁਵਾਦਕਾ ਹੈ। •

**- ਹਰਭਜਨ ਸਿੰਘ ਹੁੰਦਲ**

"ਸੰਖੇਪ ਵਿਚ ਭਗਤ ਸਿੰਘ ਉਸ ਕ੍ਰਾਂਤੀਕਾਰੀ ਦਲ ਦਾ ਇਕ ਨੇਤਾ ਸੀ, ਜਿਸਦਾ ਗਠਨ ਦਿੱਲੀ ਵਿਚ ਸਤੰਬਰ 1929 ਵਿਚ ਹੋਇਆ ਸੀ। ਉਹ ਇਸ ਦਲ ਦੇ ਬਣਨ ਤੋਂ ਪਹਿਲਾਂ ਤੋਂ ਹੀ ਕ੍ਰਾਂਤੀਕਾਰੀ ਗਤੀਵਿਧੀਆਂ ਵਿਚ ਹਿੱਸਾ ਲਿਆ ਕਰਦਾ ਸੀ। ਇਹ ਪੰਜਾਬ ਸ਼ਾਖਾ ਦਾ ਸਰਗਰਮ ਮੈਂਬਰ ਸੀ ਜਦ ਕਿ ਸੁਖਦੇਵ ਸਿੰਘ ਪ੍ਰਬੰਧਕ ਮੈਂਬਰ ਸੀ। ਦਿੱਲੀ ਮੀਟਿੰਗ ਦੇ ਸਮੇਂ ਤੋਂ ਭਗਤ ਸਿੰਘ ਨੂੰ ਵੱਖ-ਵੱਖ ਪ੍ਰਾਂਤਾਂ ਦੇ ਵਿਚਾਲੇ ਕੜੀ ਦੇ ਰੂਪ ਵਿਚ ਚੁਣਿਆ ਗਿਆ ਸੀ ਅਤੇ ਇਸ ਰੂਪ ਵਿਚ ਉਹ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਲਗਾਤਾਰ ਪੰਜਾਬ ਤੋਂ ਕਲਕੱਤਾ ਤੱਕ ਸਫ਼ਰ ਕਰਦਾ ਰਹਿੰਦਾ ਸੀ। ਕੇਂਦਰੀ ਸਮਿਤੀ ਦੇ ਮੈਂਬਰ ਦੇ ਰੂਪ ਵਿਚ ਉਸ ਨੇ ਮਹੱਤਵਪੂਰਣ ਬੈਠਕਾਂ ਵਿਚ, ਸਲਾਹ-ਮਸ਼ਵਰੇ ਵਿਚ ਅਤੇ ਦਲ ਦੀਆਂ ਯੋਜਨਾਵਾਂ ਵਿਚ ਹਿੱਸਾ ਲਿਆ ਅਤੇ ਆਮ ਤੌਰ 'ਤੇ ਉਸਨੂੰ ਅੰਦੋਲਨ ਵਿਚ ਜੋਸ਼ ਨਾਲ ਹਿੱਸਾ ਲੈਂਦੇ ਹੋਏ ਦੇਖਿਆ ਗਿਆ। ਉਸਨੇ ਲਾਹੌਰ ਵਿਚ ਪੰਜਾਬ ਨੈਸ਼ਨਲ ਬੈਂਕ 'ਤੇ ਧਾਵਾ ਬੋਲਣ ਵਾਲੀ ਯੋਜਨਾ ਵਿਚ ਹਿੱਸਾ ਲਿਆ। ਉਹ ਸਾਂਡਰਸ ਦੇ ਕਤਲ ਦਾ ਨਾਇਕ ਸੀ ਅਤੇ ਇਹ ਉਹੀ ਸੀ ਜਿਸਨੇ ਇਹ ਗੱਲਬਾਤ ਕੀਤੀ ਕਿ ਜੇ.ਐਨ.ਦਾਸ ਨੂੰ ਦਲ ਦੇ ਮੈਂਬਰਾਂ ਨੂੰ ਬੰਬ ਬਣਾਉਣਾ ਸਿਖਾਉਣਾ ਚਾਹੀਦਾ ਹੈ। ਉਸਨੇ ਅਸਲ ਵਿਚ, ਆਗਰਾ ਵਿਚ ਬੰਬ ਬਣਾਉਣ ਵਿਚ, ਯੋਗੇਸ਼ ਚੰਦਰ ਚੈਟਰਜੀ ਨੂੰ ਮੁਕਤ ਕਰਵਾਉਣ ਵਿਚ, ਝਾਂਸੀ ਤੱਕ ਦੀ ਯਾਤਰਾ ਵਿਚ, ਬੰਬ ਦੀ ਪਰਖ ਕਰਨ ਵਿਚ ਅਤੇ ਅੰਤ ਵਿਚ ਅਪ੍ਰੈਲ 1929 ਵਿਚ ਦਿੱਲੀ ਦੇ ਅਸੈਂਬਲੀ ਹਾਲ ਵਿਚ ਬੰਬ ਸੁੱਟਣ ਵਿਚ ਹਿੱਸਾ ਲਿਆ।"

(ਭਗਤ ਸਿੰਘ ਨੂੰ ਫਾਂਸੀ, ਅਦਾਲਤੀ ਫ਼ੈਸਲੇ, ਪੰਜਾਬੀ ਅਨੁਵਾਦ, ਬਲਵਿੰਦਰ ਕੌਰ)





# ਚਿੱਤਰਕਾਰ ਜਰਨੈਲ ਸਿੰਘ

ਪੰਜਾਬੀ ਦੇ ਅਤੀਤ ਅਤੇ ਵਰਤਮਾਨ ਸਭਿਆਚਾਰ, ਵਿਸ਼ੇਸ਼ ਕਰਕੇ ਪੇਂਡੂ ਸਭਿਆਚਾਰ ਨੂੰ ਅਨੇਕ ਰੰਗਾਂ ਵਿਚ ਪ੍ਰਮਾਣਿਕਤਾ ਨਾਲ ਚਿਤਰਨ ਵਾਲੇ ਜਨਰੈਲ ਸਿੰਘ ਬਾਰੇ ਹਰਭਜਨ ਸਿੰਘ ਹੁੰਦਲ ਦੀ ਇਹ ਪੁਸਤਕ ਇਸ ਕਲਾਕਾਰ ਬਾਰੇ ਪਹਿਲੀ ਕਿਤਾਬ ਹੈ। ਹੁੰਦਲ ਅਗਾਂਹ ਵਧੂ ਸੋਚ ਨਾਲ ਪ੍ਰਤੀਬੱਧ ਕਵੀ, ਵਾਰਤਕਕਾਰ, ਪੱਤਰਕਾਰ, ਚਿੰਤਕ ਤੇ ਜੀਵਨੀ ਲੇਖਕ ਹੈ। ਬਹੁਤ ਲੰਬੇ ਸਮੇਂ ਤੋਂ ਉਹ ਇਨ੍ਹਾਂ ਖੇਤਰਾਂ ਵਿਚ ਸਰਗਰਮ ਹੈ। ਸੋਚ ਤੇ ਫ਼ਿਕਰ ਪੱਖੋਂ ਉਹ ਸਪੱਸ਼ਟ ਹੈ। ਉਸਨੂੰ ਪੰਜਾਬ, ਪੰਜਾਬੀ ਸਭਿਆਚਾਰ ਤੇ ਕਲਾ ਦੀ ਫ਼ਿਕਰ ਹੈ। ਇਸੇ ਫ਼ਿਕਰ ਵਿਚੋਂ ਜਨਮੀ ਹੈ ਉਸਦੀ ਇਹ ਕਿਤਾਬ।

ਹੁੰਦਲ ਦੀ ਜਰਨੈਲ ਸਿੰਘ ਨਾਲ ਪਹਿਲੀ ਮੁਲਾਕਾਤ 1997 ਵਿਚ ਹੋਈ ਅਤੇ ਉਸ ਉਪਰੰਤ ਉਸਨੇ ਬਾਰ-ਬਾਰ ਉਸਨੂੰ ਮਿਲ ਕੇ ਉਸਦੀ ਚਿੱਤਰਕਾਰੀ ਦੇ ਪਿਛੋਕੜ, ਇਤਿਹਾਸ, ਪ੍ਰੇਰਣਾ, ਸ੍ਰੋਤਾਂ ਅਤੇ ਚਿੱਤਰਕਾਰੀ ਦੇ ਰਹੱਸਾਂ ਨੂੰ ਸਮਝਣ ਲਈ ਮੁਲਾਕਾਤਾਂ ਕੀਤੀਆਂ। ਵੱਸ ਲੱਗਦੇ ਚਿੱਤਰਕਾਰੀ ਤੇ ਚਿੱਤਰਕਾਰਾਂ ਬਾਰੇ ਅੰਗਰੇਜ਼ੀ ਵਿਚ ਪ੍ਰਾਪਤ ਪੁਸਤਕਾਂ ਦਾ ਅਧਿਐਨ ਕਰਕੇ ਚਿੱਤਰਕਾਰੀ ਦੇ ਰਹੱਸਾਂ ਨੂੰ ਸਮਝਣ ਦਾ ਯਤਨ ਕੀਤਾ ਹੈ ਤਾਂ ਜੋ ਉਹ ਜਰਨੈਲ ਸਿੰਘ ਬਾਰੇ ਠੋਸ ਆਧਾਰ ਉੱਤੇ ਗੱਲ ਕਰ ਸਕੇ।

ਪ੍ਰਾਪਤ ਪੁਸਤਕ ਪੰਜਾਬ ਦੇ ਮਹਾਨ ਤੇ ਦਰਵੇਸ਼ ਚਿੱਤਰਕਾਰ ਕ੍ਰਿਪਾਲ ਸਿੰਘ ਦੇ ਬੇਟੇ ਵਜੋਂ ਜਰਨੈਲ ਸਿੰਘ ਦੇ ਜਨਮ, ਬਚਪਨ ਤੇ ਵਿਰਸੇ ਨੂੰ ਪਛਾਣਦੀ ਹੈ। ਸਾਧਾਰਨ ਤੇ ਸਾਧਨ ਵਿਹੀਨ ਸ. ਕਿਰਪਾਲ ਸਿੰਘ ਨੇ ਬਿਨਾਂ ਕਿਸੇ ਉਸਤਾਦ ਦੇ ਚਿੱਤਰਕਾਰੀ ਵਿਚ ਮਹਾਰਤ ਹਾਸਲ ਕੀਤੀ ਤੇ ਸਿੱਖ ਇਤਿਹਾਸ ਦੇ ਲਹੂ ਰੰਗੇ ਪੰਨਿਆਂ ਨੂੰ ਕੈਨਵਸ ਉੱਤੇ ਉਤਾਰਿਆ। ਉਸਦੇ ਬੇਟੇ ਨੇ ਇਨ੍ਹਾਂ ਚਿੱਤਰਾਂ ਨੂੰ ਬਣਦੇ ਵੇਖਿਆ। ਲੋੜ ਪੈਣ ਤੇ ਪੂਰਾ ਕੀਤਾ। ਰੀਟੈਚਿੰਗ ਕੀਤੀ। ਕਈ ਕੁਝ ਰੰਗਾਂ ਤੇ ਲਕੀਰਾਂ ਬਾਰੇ ਸਿੱਖਿਆ ਅਤੇ ਫਿਰ ਆਪਣੇ ਲਈ ਪੰਜਾਬ ਦੇ ਪੇਂਡੂ ਸਭਿਆਚਾਰ ਦਾ ਕਾਰਜ ਖੇਤਰ ਚੁਣਿਆ। ਪੰਜਾਬ ਦੇ ਜਨ੍ਹਜੀਵਨ ਨੂੰ ਅਲੋਪ ਹੋ ਰਹੇ ਪੰਜਾਬੀ ਸਭਿਆਚਾਰ ਦੇ ਸੁਹਜ ਨੂੰ ਸੰਭਾਲਣ ਦਾ ਬੀੜਾ ਚੁੱਕਿਆ।

ਹੁੰਦਲ ਦੀ ਧਾਰਨਾ ਹੈ ਕਿ ਪੰਜਾਬੀ ਲੋਕ ਸਭਿਆਚਾਰ ਦੀ ਪ੍ਰਤੀਨਿਧ ਨਿਸ਼ਾਨੀ ਫੁਲਕਾਰੀ ਨੂੰ ਪੰਜਾਬੀ ਨਾਰੀ ਨਾਲ ਜੋੜ ਕੇ ਜਰਨੈਲ ਨੇ ਪੰਜਾਬੀ ਮਾਨਸਿਕਤਾ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ। ਉਸਦੇ ਚਿਤਰੇ ਪੰਜਾਬੀ ਘਰਾਂ ਦੇ ਵਿਹੜੇ, ਚੁੱਲ੍ਹੇ, ਤੰਦੂਰ, ਚੌਂਕੀਆਂ, ਮੰਜੇ, ਪੀੜ੍ਹੇ, ਬਾਗ਼, ਫੁਲਕਾਰੀਆਂ ਪੰਜਾਬ ਦਾ ਬਹੁਤ ਕੁਝ ਇਕੋ ਚਿੱਤਰ ਵਿਚ ਦਿਖਾਣ ਦੇ ਸਮਰੱਥ ਹਨ। ਖਿੜੀ ਕਪਾਹ ਵਿਚ ਹੱਸਦੀਆਂ ਮੁਟਿਆਰਾਂ, ਵਾਢੀ

ਕਰਦੇ ਕਿਸਾਨ ਤੇ ਭੱਤਾ ਲਈ ਜਾਂਦੀਆਂ ਨੱਢੀਆਂ, ਪੰਜਾਬ ਦੇ ਪਿੰਡਾਂ ਬਾਰੇ ਬਹੁਤ ਕੁਝ ਪ੍ਰਮਾਣਿਕਤਾ ਅਤੇ ਬਾਰੀਕੀ ਨਾਲ ਕਹਿ ਦਿੰਦੇ ਹਨ। ਲੋੜ ਇਸ ਕਹੇ ਨੂੰ ਨਜ਼ਰ ਟਿਕਾ ਕੇ ਜਾਨਣ ਸਮਝਣ ਦੀ ਹੈ।

ਜਰਨੈਲ ਨੇ ਮੁੱਢਲੀ ਰੰਗ ਸੂਝ, ਚਿੱਤਰ ਦੀ ਵਿਉਂਤਬੰਦੀ, ਮਨੁੱਖੀ ਅਕ੍ਰਿਤੀਆਂ, ਘੋੜੇ, ਹਾਥੀ, ਜੀਵ ਜੰਤੂਆਂ ਦੀ ਬਣਤਰ ਤੇ ਪੇਸ਼ਕਾਰੀ ਦੇ ਰਹੱਸ ਆਪਣੇ ਪਿਤਾ ਨਾਲ ਕੰਮ ਕਰਦਿਆਂ ਅਤੇ ਉਨ੍ਹਾਂ ਤੇ ਚਿੱਤਰਾਂ ਦੇ ਉਤਾਰੇ ਕਰਦਿਆਂ ਜਾਂ ਰੀ-ਟਚਿੰਗ ਕਰਦਿਆਂ ਸਿੱਖੇ ਸਮਝੇ। ਤੂੰਬੀ ਵਜਾਉਂਦਾ ਗੱਭਰੂ ਉਸਦਾ ਪਹਿਲਾ ਚਿੱਤਰ ਸੀ। ਬੜਾ ਕੁਝ ਚਿਤਰਿਆ ਉਸਨੇ ਇਸ ਉਪਰੰਤ। ਗਿੱਧੇ, ਕਿੱਕਲੀ ਦੇ ਅੰਦਾਜ਼ ਵਿਚ ਨੱਚਦੀਆਂ ਮੁਟਿਆਰਾਂ। ਨਿੱਕੀ-ਨਿੱਕੀ ਬੂਟੀ ਵਾਲੀ ਸੂਹੀ ਫੁਲਕਾਰੀ ਲਈ ਬੈਠੀ ਮੁਟਿਆਰ। ਖੂੰਡੇ ਵਾਲਾ ਬਾਪੂ, ਪੇਂਡੂ ਘਰ ਦਾ ਵਿਹੜਾ, ਨਵੀਂ ਵਿਆਂਦੜ ਦੀ ਆਮਦ, ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਉੱਤੇ ਚਿੱਤਰ, ਲੈਂਡ ਸਕੇਪ ਭਾਵ ਪ੍ਰਕ੍ਰਿਤਿਕ ਦ੍ਰਿਸ਼।

1956 ਵਿਚ ਜਨਮਿਆ ਜਰਨੈਲ ਸਿੰਘ ਅੱਜ ਅਠਵੰਜਾ ਸਾਲ ਦਾ ਹੋ ਰਿਹਾ ਹੈ। ਚੁਤਾਲੀ ਸਾਲ ਦੀ ਉਮਰੇ ਉਹ ਪੰਜਾਬ ਛੱਡ ਕੈਨੇਡਾ ਜਾ ਵਸਿਆ ਸੀ। ਪਰ ਲਗਭਗ ਹਰ ਸਾਲ ਪੰਜਾਬ ਚੱਕਰ ਮਾਰਦਾ ਹੈ। ਦੇਸ਼ ਨਾਲੋਂ ਵੱਧ ਇੱਜ਼ਤ ਮਾਨ ਉਸਨੂੰ ਵਿਦੇਸ਼ ਵਿਚ ਮਿਲਿਆ ਹੈ। ਕਲਾ-ਸੰਸਥਾਵਾਂ ਨੇ ਉਸਨੂੰ ਇਨਾਮ ਸਨਮਾਨ ਦਿੱਤੇ ਹਨ। ਸਮਾਜਿਕ ਅਦਾਰਿਆਂ ਨੇ ਉਸਨੂੰ ਕਲਾ ਦੇ ਖੇਤਰ ਵਿਚ ਸਲਾਹਕਾਰ, ਪ੍ਰਬੰਧਕ ਤੇ ਸਰਪ੍ਰਸਤ ਬਣਾਇਆ ਹੈ। ਦੇਸ ਪ੍ਰਦੇਸ ਦੇ ਪੰਜਾਬੀਆਂ ਤੇ ਗ਼ੈਰ-ਪੰਜਾਬੀਆਂ ਨੇ ਉਸਦੇ ਚਿੱਤਰਾਂ ਨੂੰ ਆਪਣੇ ਘਰਾਂ ਦਾ ਸ਼ਿੰਗਾਰ ਬਣਾਇਆ ਹੈ। ਪਹਿਲੀ ਵਾਰ ਕਿਸੇ ਨੇ ਜਰਨੈਲ ਸਿੰਘ ਬਾਰੇ ਇੰਨੀ ਸੰਘਣੀ, ਬਹੁਭਾਂਤੀ, ਵਿਸ਼ਾਲ, ਸੰਖੇਪ ਤੇ ਪ੍ਰਮਾਣਿਕ ਜਾਣਕਾਰੀ ਦਿੱਤੀ ਹੈ। ਇਸ ਉੱਦਮ ਲਈ ਹੁੰਦਲ ਨੂੰ ਮੁਬਾਰਕ!

- ਡਾ. ਕੁਲਦੀਪ ਸਿੰਘ ਧੀਰ
ਫੋਨ : 98722-60550

ਵੋ ਸੁਬਹ ਹਮੀਂ ਸੇ ਆਏਗੀ
ਜਬ ਧਰਤੀ ਕਰਵਟ ਬਦਲੇਗੀ, ਜਬ ਕੈਦੀ ਕੈਦ ਸੇ ਛੂਟੇਂਗੇ
ਜਬ ਪਾਪ ਘਰੌਂਦੇ ਫੂਟੇਂਗੇ, ਜਬ ਜ਼ੁਲਮ ਕੇ ਬੰਧਨ ਟੂਟੇਂਗੇ
ਉਸ ਸੁਬਹ ਕੋ ਹਮ ਹੀ ਲਾਏਂਗੇ, ਵੋ ਸੁਬਹ ਹਮੀਂ ਸੇ ਆਏਗੀ
ਵੋ ਸੁਬਹ ਹਮੀਂ ਸੇ ਆਏਗੀ
(ਸਾਹਿਰ ਲੁਧਿਆਣਵੀ)



ਰੀਵਿਊ :

## ਪੰਜਾਬੀ ਮਿੰਨੀ ਕਹਾਣੀ : ਵਿਸ਼ਾਗਤ ਸਰੂਪ ਤੇ ਸ਼ਿਲਪ ਵਿਧਾਨ

- ਨਿਰੰਜਣ ਬੋਹਾ

ਨਿਰੰਜਣ ਬੋਹਾ ਇਕ ਬਹੁ-ਵਿਧਾਈ ਲੇਖਕ ਹੈ। ਵਰਤਮਾਨ ਸਮੇਂ ਵਿਚ ਬੇਸ਼ਕ ਉਹ ਕਹਾਣੀ, ਆਲੋਚਨਾ ਤੇ ਪੱਤਰਕਾਰੀ ਦੇ ਖੇਤਰ ਵਿਚ ਸਰਗਰਮੀ ਨਾਲ ਕਾਰਜਸ਼ੀਲ ਹੈ ਪਰੰਤੂ ਜਿਸ ਸਮਰਪਿਤ ਭਾਵਨਾ ਨਾਲ ਉਸਨੇ ਮਿੰਨੀ ਕਹਾਣੀ ਪ੍ਰਤੀ ਸੁਹਿਰਦਤਾ ਸਹਿਤ ਸੇਵਾਵਾਂ ਨਿਭਾਈਆਂ ਹਨ, ਉਹ ਬਹੁਤ ਸ਼ਲਾਘਾਯੋਗ ਹਨ। 'ਪੰਜਾਬੀ ਮਿੰਨੀ ਕਹਾਣੀ : ਵਿਸ਼ਾਗਤ ਸਰੂਪ ਤੇ ਸ਼ਿਲਪ ਵਿਧਾਨ' ਇਸ ਤੱਥ ਦੀ ਜਿਉਂਦੀ ਜਾਗਦੀ ਮਿਸਾਲ ਹੈ। ਇਸ ਪੁਸਤਕ ਰਾਹੀਂ ਮਿੰਨੀ ਕਹਾਣੀ ਦੇ ਸਿਰਜਣਾਤਮਿਕ ਪੱਖ ਨੂੰ ਸਮਝਣ ਤੇ ਸਮਝਾਉਣ ਦਾ ਸਾਰਥਕ ਉਪਰਾਲਾ ਕੀਤਾ ਗਿਆ ਹੈ।

ਪੁਸਤਕ ਵਿਚ ਥਾਂ-ਪੁਰ-ਥਾਂ ਸਪੱਸ਼ਟ ਕੀਤਾ ਗਿਆ ਹੈ ਕਿ ਮਿੰਨੀ ਕਹਾਣੀ ਪੂੰਜੀਵਾਦੀ ਯੁੱਗ ਦੀ ਚੇਤਨਾ ਵਿਚੋਂ ਉਭਰੀ ਸੋਚ ਦੀ ਅਭਿਵਿਅਕਤੀ ਹੈ, ਜੋ ਆਪਣੇ ਚਾਰ ਦਹਾਕਿਆਂ ਦਾ ਸਫ਼ਰ ਤੈਅ ਕਰ ਚੁੱਕੀ ਹੈ। ਇਸ ਖੋਜ ਕਰਤਾ ਨੇ ਪੰਜਾਬੀ ਮਿੰਨੀ ਕਹਾਣੀ ਦੇ ਵਿਸ਼ਾਗਤ ਸਰੂਪ ਤੇ ਸ਼ਿਲਪ ਵਿਧਾਨ ਦੇ ਪੱਖਾਂ (ਗੁਣਾਂ, ਵਿਸ਼ੇਸ਼ਤਾਵਾਂ) ਦੇ ਸਬੰਧ ਵਿਚ ਜਿਸ ਤਰ੍ਹਾਂ ਦਾ ਖੋਜ ਕਾਰਜ ਕੀਤਾ ਹੈ, ਉਹ ਪਹਿਲਾਂ ਕੀਤੇ ਕੰਮ ਵਿਚ ਵਾਧਾ ਕਰਦਾ ਹੋਇਆ ਉਸਨੂੰ ਅੱਗੇ ਤੋਰਦਾ ਹੈ। ਇਸਦੇ ਨਾਲ ਹੀ ਮਿੰਨੀ ਕਹਾਣੀ ਦੇ ਵਿਸ਼ੇ ਦੀ ਚੋਣ, ਕਥਾ ਤੱਤ, ਰੂਪਗਤ ਸਰੂਪ, ਦਰਪੇਸ਼ ਚੁਣੌਤੀਆਂ, ਸਮਾਜਿਕ ਨਜ਼ਰੀਆ, ਸਥਿਤੀ ਚਿਤਰਨ, ਪ੍ਰਗਟਾਵੇ ਦੀ ਸਮਰੱਥਾ, ਇਸਦੇ ਵਿਸ਼ਵੀ ਸਰੋਕਾਰ ਤੇ ਮਨੋਵਿਗਿਆਨਿਕ ਕਸਵੱਟੀ ਨੂੰ ਵੀ ਸੰਤੁਲਿਤ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਤੇ ਪੇਸ਼ ਕੀਤਾ ਹੈ। ਉਸਨੇ ਲੇਖਕ ਨੂੰ ਨਹੀਂ ਦੇਖਿਆ, ਸਿਰਫ਼ ਮਿੰਨੀ ਕਹਾਣੀ ਦੇ ਮਹੱਤਵ ਦੀ ਹੀ ਪੁਣ-ਛਾਣ ਕੀਤੀ ਹੈ। ਆਲੋਚਕ ਅੰਦਰਲੀ ਸੁਹਿਰਦਤਾ ਤੇ ਇਮਾਨਦਾਰੀ ਇਸ ਤੱਥ ਤੋਂ ਸਹਿਜੇ ਹੀ ਪਰਖੀ ਜਾ ਸਕਦੀ ਹੈ।

ਵਿਸ਼ਾਗਤ ਸਰੂਪ ਤਹਿਤ ਜਿਥੇ ਮਿੰਨੀ ਕਹਾਣੀ ਅੰਦਰਲੇ ਬਣਾਵਟੀਪਣ ਤੋਂ ਬਚਣ ਲਈ ਸਹਿਜਤਾ, ਸੁਭਾਵਿਕਤਾ ਤੇ ਕਥਾ ਤੱਤ ਉਭਾਰਣ ਵਾਲੇ ਕਲਾਤਮਕ ਚਿਤਰਣ ਨੂੰ ਜ਼ਰੂਰੀ ਕਰਾਰ ਦਿੱਤਾ ਗਿਆ ਹੈ, ਉਥੇ ਸ਼ਿਲਪ ਵਿਧਾਨ ਦੇ ਜ਼ਰੀਏ ਇਸ ਵਿਧਾ ਦੇ ਆਰੰਭ, ਅੰਤ, ਅਕਾਰ, ਖਾਸ ਤੌਰ ਤੇ ਸਿਰਲੇਖ ਦੇ ਮਹੱਤਵ ਤੇ ਨਜ਼ਰਸਾਨੀ ਕੀਤੀ ਗਈ ਹੈ।

ਵੀਹਵੀਂ ਸਦੀ ਦੇ ਅੰਤ ਤੱਕ ਪੰਜਾਬੀ ਕਹਾਣੀ ਦੇ ਗਿਣਾਤਮਕ ਤੇ ਗੁਣਾਤਮਕ ਵਾਧੇ ਦੀ ਗੱਲ ਕਰਦਿਆਂ ਨਿਰੰਜਣ ਬੋਹਾ ਇਸ ਸਿੱਟੇ 'ਤੇ ਪੁੱਜਦਾ ਹੈ ਕਿ ਚੁਣੌਤੀਆਂ ਦੇ ਬਾਵਜੂਦ ਇਹ ਵਿਧਾ ਲਗਾਤਾਰ ਗਤੀਸ਼ੀਲ ਹੈ ਤੇ ਰਹੇਗੀ ਵੀ।

ਉਸਦੇ ਲੇਖ ਮਿੰਨੀ ਕਹਾਣੀ ਦੇ ਸਥਿਤੀ ਚਿਤਰਣ ਨੂੰ ਵੀ ਇਸੇ ਸੰਦਰਭ ਵਿਚ ਵਾਚਿਆ ਜਾ ਸਕਦਾ ਹੈ। ਵਿਸ਼ਾਲ ਸੋਚ ਦਾ ਧਾਰਨੀ ਨਿਰੰਜਣ ਬੋਹਾ ਜਦੋਂ ਇਸ ਖੋਜ ਪੁਸਤਕ ਰਾਹੀਂ ਮਿੰਨੀ ਕਹਾਣੀ ਦੇ ਵਿਸ਼ਵੀ ਸਰੋਕਾਰਾਂ ਦਾ ਸੁਵਿਸਥਾਰ ਕਰਦਾ ਹੈ ਤਾਂ ਉਸਦੇ ਗਿਆਨ ਤੇ ਹੈਰਾਨੀ ਭਰੀ ਖੁਸ਼ੀ ਤੇ ਤਸੱਲੀ ਹਾਸਿਲ ਹੁੰਦੀ ਹੈ।

ਨਿਰੰਜਣ ਬੋਹਾ ਅਨੁਸਾਰ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ, ਸਭਿਆਚਾਰਕ ਤੇ ਮਨੋ-ਵਿਗਿਆਨਕ ਵਿਸ਼ਿਆਂ ਨੂੰ ਲੈ ਕੇ ਬੇਸ਼ੱਕ ਅਨੇਕਾਂ ਰਚਨਾਕਾਰਾਂ ਨੇ ਮਿੰਨੀ ਕਹਾਣੀਆਂ ਦੀ ਰਚਨਾ ਕੀਤੀ ਹੈ ਤੇ ਨਵੀਆਂ ਸਥਾਪਨਾਵਾਂ ਵੀ ਕਾਇਮ ਕੀਤੀਆਂ ਹਨ ਪਰ ਇਹਨਾਂ ਵਿਸ਼ਿਆਂ ਤੇ ਸੰਵਾਦ ਜਾਰੀ ਰਹਿਣਾ ਚਾਹੀਦਾ ਹੈ। 'ਪੰਜਾਬੀ ਮਿੰਨੀ ਕਹਾਣੀ ਨੂੰ ਆਲੋਚਨਾ ਦਾ ਸੰਕਟ' ਲੇਖ ਤਹਿਤ ਇਸ ਖੋਜਕਾਰ ਨੇ ਮਿੰਨੀ ਕਹਾਣੀ ਲੇਖਕਾਂ ਤੇ ਆਲੋਚਕਾਂ ਨੂੰ ਦਲੇਰੀ ਨਾਲ ਸਾਰਥਕ ਸੁਝਾਅ ਵੀ ਦਿੱਤੇ ਹਨ। ਅੰਤ ਵਿਚ ਜਗਦੀਸ਼ ਰਾਏ ਕੁਲਰੀਆ ਵਲੋਂ ਨਿਰੰਜਣ ਬੋਹਾ ਨਾਲ ਜੋ ਸੰਵਾਦ ਰਚਾਇਆ ਗਿਆ ਹੈ ਉਸ ਰਾਹੀਂ ਵੀ ਇਸ ਵਿਧਾ ਦੇ ਵੱਖ-ਵੱਖ ਪਹਿਲੂਆਂ ਪ੍ਰਤੀ ਗੰਭੀਰ ਜਾਣਕਾਰੀ ਮਿਲਦੀ ਹੈ।

ਨਿਸ਼ਚੇ ਹੀ ਇਹ ਆਲੋਚਨਾ ਪੁਸਤਕ ਹਰੇਕ ਮਿੰਨੀ ਕਹਾਣੀ ਲੇਖਕ ਅਤੇ ਆਲੋਚਕ ਨੂੰ ਪੜ੍ਹਣੀ, ਵਾਚਣੀ ਅਪਨਾਉਣੀ ਤੇ ਸਾਂਭ ਕੇ ਰੱਖਣੀ ਚਾਹੀਦੀ ਹੈ। •

- ਬਿਕਰਮਜੀਤ ਨੂਰ

## ਗ਼ਜ਼ਲ

**ਬਾਬਾ ਨਜ਼ਮੀ**

ਮਸਜਿਦ ਮੇਰੀ ਤੂੰ ਕਿਉਂ ਢਾਵੇਂ ਮੈਂ ਕਿਉਂ ਤੋੜਾਂ ਮੰਦਰ ਨੂੰ।
ਆ ਜਾ ਦੋਵੇਂ ਬਹਿ ਕੇ ਪੜ੍ਹੀਏ ਇਕ ਦੂਜੇ ਦੇ ਅੰਦਰ ਨੂੰ।
ਸਦੀਆਂ ਵਾਂਗੂੰ ਅੱਜ ਕੁੱਝ ਨਈਂ ਜਾਣਾ ਮਸਜਿਦ ਮੰਦਰ ਦਾ,
ਲਹੂ ਤੇ ਤੇਰਾ ਮੇਰਾ ਲੱਗਣਾ ਤੇਰੇ ਮੇਰੇ ਖ਼ੰਜਰ ਨੂੰ।
ਡੁੱਬੇ ਵਿਚ ਸਮੁੰਦਰ ਬੇੜੇ ਸਾਥੋਂ ਹਾਲੇ ਨਿਕਲੇ ਨਈਂ,
ਵੇਖੋ ਢੋਲ ਵਜਾ ਕੇ ਚੱਲੇ ਫੋਲਣ ਓਸਦੇ ਅੰਬਰ ਨੂੰ।
ਕਦੇ ਕਦੇ ਤਾਂ ਇਹੋ ਜੇਹੀ ਹਰਕਤ ਬੰਦਾ ਕਰਦਾ ਏ,
ਆਪਣਾ ਮੂੰਹ ਲੁਕਾਉਣਾ ਔਖਾ ਹੋ ਜਾਂਦਾ ਹੈ ਡੰਗਰ ਨੂੰ।
ਅਸਾਂ ਨਈਂ ਆਉਣਾ ਬਾਬਾ ਤੇਰਾ ਮੁੜ ਕੇ ਮੇਲਾ ਵੇਖਣ ਨੂੰ,
ਸ਼ਕਲਾਂ ਵੇਖ ਕੇ ਦੇ ਦੇਂਦੇ ਨੇ ਵਰਤਾਰੇ ਤੇਰੇ ਲੰਗਰ ਨੂੰ।



ਦੋ ਗ਼ਜ਼ਲਾਂ

## ਜਗਵਿੰਦਰ ਜੋਧਾ

1.

ਬਦਨ ਦੇ ਵਾਵਰੋਲੇ ਨੂੰ ਘੜੀ ਪਲ ਦਾ ਟਿਕਾਅ ਹੋਵੇ।
ਕਿਤੇ ਤਾਂ ਏਸ ਭਟਕਣ ਦਾ ਕੋਈ ਅੰਤਿਮ ਪੜਾਅ ਹੋਵੇ।

ਉਹ ਹੱਸਦਾ ਹੈ ਤਾਂ ਅੱਥਰੂ ਚਾਣਚੱਕ ਹੀ ਛਣਕ ਪੈਂਦੇ ਨੇ,
ਇਵੇਂ ਲੱਗਦੈ ਜਿਉਂ ਉਸਦੇ ਮਨ 'ਚ ਇਕ ਡੂੰਘਾ ਖਲਾਅ ਹੋਵੇ।

ਜੋ ਉਸਦੇ ਕੋਲ ਸੀ ਪਹਿਲੀ ਦਫ਼ਾ ਹੀ ਦਾਅ 'ਤੇ ਲਾ ਦਿੱਤਾ,
ਕਿਤੇ ਉਸਨੂੰ ਵੀ ਮੇਰੇ ਵਾਂਗ ਨਾ ਹਾਰਨ ਦਾ ਚਾਅ ਹੋਵੇ।

ਕਦੇ ਤਾਂ ਪਾਰਦਰਸ਼ੀ ਹੋ ਕੇ ਮਿਲ ਵਿਚਕਾਰ ਜਦ ਸਾਡੇ,
ਤੇਰੀ ਸੰਜੀਦਗੀ ਹੋਵੇ ਤੇ ਨਾ ਮੇਰਾ ਸ਼ੁਦਾਅ ਹੋਵੇ।

ਫਕੀਰਾਂ ਨਾਲ ਆੜੀ ਪਾਉਣ ਤੋਂ ਪਹਿਲਾਂ ਹੀ ਤੈਅ ਕਰ ਲੈ,
ਇਹ ਨਜ਼ਮ ਸ਼ਰਤ ਹੈ ਤੇਰਾ ਹਵਾ ਵਰਗਾ ਸੁਭਾਅ ਹੋਵੇ।

ਹਮੇਸ਼ਾ ਓਸ ਬੀਹੀ 'ਚੋਂ ਮੈਂ ਮੁੜ ਮੁੜ ਦੇਖਦਾ ਗੁਜ਼ਰਾਂ,
ਕਿ ਸ਼ਾਇਦ ਮੇਰੀ ਖ਼ਾਤਿਰ ਭਟਕਦੀ ਕੋਈ ਸਦਾਅ ਹੋਵੇ।

2.

ਗੁਜ਼ਾਰੀ ਉਮਰ ਏਸੇ ਕਸ਼ਮਕਸ਼ ਵਿਚ,
ਰਹਾਂ ਏਧਰ ਕਿ ਪਰਲੇ ਪਾਰ ਜਾਵਾਂ।
ਇਕੱਲਾ ਦੌੜਦਾ ਹਰ ਦੌਰ ਫਿਰ ਵੀ,
ਮੈਂ ਆਪਣੇ ਆਪ ਤੋਂ ਹੀ ਹਾਰ ਜਾਵਾਂ।

ਮੇਰਾ ਰਸਤਾ ਹੀ ਕੁਝ ਔਖਾ ਸੀ ਸ਼ਾਇਦ
ਜੋ ਮੇਰੇ ਨਾਲ ਤੁਰਦਾ ਲੋਚਦੇ ਸਨ,
ਉਨ੍ਹਾਂ ਨੂੰ ਪਾਰਦਰਸ਼ੀ ਸ਼ੀਸ਼ਿਆਂ ਵਿਚ,
ਖੜ੍ਹੇ ਦੇਖਾਂ ਜਦੋਂ ਬਾਜ਼ਾਰ ਜਾਵਾਂ।

ਹਰਿਕ ਬੂਹੇ ਦੀਆਂ ਸ਼ੀਸ਼ਾਂ ਦੇ ਵਿਚੋਂ,
ਉਦਾਸੀ-ਦਰ-ਉਦਾਸੀ ਝਾਕਦੀ ਹੈ।
ਬਦਨ ਦਾ ਸੱਖਣਾ ਕਸ਼ਕੌਲ ਲੈ ਕੇ,
ਸਰਾਪੇ ਸ਼ਹਿਰ ਦੇ ਹਰ ਦੁਆਰ ਜਾਵਾਂ।

ਪਸਰ ਕੇ ਰਾਜ ਗੱਦੀ 'ਤੇ ਕਨ੍ਹੱਈਆ
ਘਸੇ ਚਿਹਰੇ ਕਦੋਂ ਪਹਿਚਾਣਦਾ ਹੈ।
ਤੇ ਮੇਰੀ ਅਣਖ ਵੀ ਮੰਨਦੀ ਨਹੀਂ ਕਿ
ਸੁਦਾਮਾ ਬਣ ਉਹਦੇ ਦਰਬਾਰ ਜਾਵਾਂ।

ਅਜ਼ਲ ਤੇ ਹਸ਼ਰ ਦੇ ਦੋ ਬਿੰਦੂਆਂ 'ਤੇ
ਅਸੀਂ ਵਾਹੇ ਗਏ ਦੋ ਹਿੰਦਸੇ ਹਾਂ,
ਤੇਰੇ ਤਕ ਪਹੁੰਚਣਾ ਮੁਮਕਿਨ ਨਹੀਂ ਹੈ,
ਮੈਂ ਖ਼ੁਦ ਨੂੰ ਕਿੰਨਾ ਵੀ ਵਿਸਤਾਰ ਜਾਵਾਂ।

---

## ਪੁਸਤਕ ਪ੍ਰਾਪਤੀ

1. ਹਰਵਿੰਦਰ ਢਿੱਲੋਂ, ਅਮਰਜੀਤ ਕੌਂਕੇ ਦੀ ਕਵਿਤਾ ਵਿਚ ਬੇਗਾਨਗੀ ਦਾ ਸੰਕਲਪ, ਪ੍ਰਤੀਕ ਪਬਲੀਕੇਸ਼ਨ, ਪਟਿਆਲਾ।
2. ਹਰਨੇਕ ਸਿੰਘ 'ਨੇਕ', ਸਫ਼ਰ ਸ਼ਬਦਾਂ ਦਾ, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ।
3. ਸੁਖਦੇਵ ਸਿੰਘ ਪ੍ਰੇਮੀ, ਝੱਖੜਾਂ 'ਚ ਬਲਦੀ ਮਸ਼ਾਲ, ਪ੍ਰੇਰਣਾ ਪ੍ਰਕਾਸ਼ਨ, ਅੰਮ੍ਰਿਤਸਰ।
4. ਡੌਲੀ ਗੁਲੇਰੀਆ, ਵਗਦੇ ਪਾਣੀਆਂ ਦਾ ਸੰਗੀਤ, ਯੂਨੀਸਟਾਰ, ਚੰਡੀਗੜ੍ਹ।
5. ਕਮਲਪ੍ਰੀਤ ਕੌਰ ਸਿੱਧੂ, ਹਰਫ਼ ਚੰਦੋਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।
6. ਅਵਤਾਰ ਲੰਗੇਰੀ, ਇਕੱਲਾਪਣ, 5ਆਬ ਪ੍ਰਕਾਸ਼ਨ, ਜਲੰਧਰ
7. ਅਮਰੀਕ ਡੋਗਰਾ, ਅਲਵਿਦਾ ਨਹੀਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।
8. ਸੁਖਦੇਵ ਸਿੰਘ, ਪੰਜਾਬੀ ਕਾਵਿ ਪ੍ਰਤਿਰੋਧ ਦਾ ਪ੍ਰਵਚਨ, ਦੀਪਕ ਪਬਲਿਸ਼ਰਜ਼, ਜਲੰਧਰ।
9. ਸੁਰਿੰਦਰ ਕੈਲੇ, ਅਣੂ ਕਣੀਆਂ, ਅਣੂ ਮੰਚ ਲੁਧਿਆਣਾ।



ਜਗਿਆਸਾ ਦੇ ਪਾਠਕਾਂ ਨੂੰ ਵੈਸਾਖੀ ਪਰਬ ਦੀਆਂ ਬਹੁਤ ਬਹੁਤ ਮੁਬਾਰਕਾਂ



Chirag Quarterly
Jan- Mar 2014
Registered with the Registrar of News-Papers of India No. PUN-PUN 0 2276/AL/TC94

# ਨਵੀਂ ਦੁਨੀਆਂ

ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਵੀਆਂ
ਪੈੜਾਂ ਪਾਉਣ ਵਾਲੀ ਅਖ਼ਬਾਰ

“ਨਵੀਂ ਦੁਨੀਆਂ”

ਤੀਸਰੇ ਵਰ੍ਹੇ ਵਿਚ ਪ੍ਰਵੇਸ਼ ਮੌਕੇ

**ਚਿਰਾਗ਼** ਦੇ ਪਾਠਕਾਂ ਲਈ

ਸ਼ੁੱਭ-ਇੱਛਾਵਾਂ

**ਸੰਪਾਦਕੀ-ਮੰਡਲ ਜਸਵੀਰ ਦਿਓਲ,
ਨਵਤੇਜ ਰਾਣਾ, ਦਲਬੀਰ ਸਾਂਗਿਆਣ**

**ਸਲਾਹਕਾਰ -**

ਕਿਰਤਮੀਤ ਕੁਹਾੜ,

ਜੈਸੀ ਸਿੰਘ ਕੈਲਗਰੀ (ਐਡਮਿੰਟਨ) ਕੈਨੇਡਾ

**ਸੰਪਰਕ : 780-465-9118**

**ਐਡਮਿੰਟਨ (ਐਲਬਰਟਾ) ਕੈਨੇਡਾ**

Info@naviduniya.com